Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਨਵੰਬਰ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਵਧਾਈਆਂ !



ਹਿੰਦ ਕੋ ਏਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ

## ਵਡਾ ਪੁਰਖੁ ਪਰਗਟਿਆ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਜਗਤੁ ਗੁਰੂ ਬਾਬਾ ਨਾਨਕ



ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਪਹਿਲਾਂ ਦੇਸ਼ ਦੀ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਅਵਸਥਾ ਏਨੀ ਜ਼ਰਜ਼ਰੀ ਹੋ ਚੁੱਕੀ ਸੀ ਕਿ ਸੱਚ, ਧਰਮ, ਇਨਸਾਫ ਖੰਭ ਲਾ ਕੇ ਉੱਡ ਚੁੱਕਾ ਸੀ। ਕਾਜ਼ੀ ਰਿਸ਼ਵਤੀ ਹੋ ਚੁੱਕੇ ਸਨ। ਬ੍ਰਾਹਮਣਾਂ ਦੇ ਕਰਮਕਾਂਡਾਂ, ਵਹਿਮਾਂ-ਭਰਮਾਂ ਤੇ ਊਚ-ਨੀਚ ਦੇ ਵਰਤਾਰੇ ਨੇ ਸਮਾਜਿਕ ਢਾਂਚਾ ਖੋਖਲਾ ਕਰ ਦਿੱਤਾ ਸੀ। ਨੀਵੀਂਆਂ ਸ਼੍ਰੇਣੀਆਂ ਦਾ ਜੀਣਾ ਮੁਹਾਲ ਕਰ ਦਿੱਤਾ ਸੀ। ਮੁਗ਼ਲਾਂ ਦੇ ਜ਼ੁਲਮਾਂ ਤੇ ਜ਼ਬਰ ਨੇ ਜਨਤਾ ਨੂੰ ਸਾਹ-ਸਤ ਹੀਣ ਕਰ ਦਿੱਤਾ ਸੀ। ਚਾਰੇ ਪਾਸੇ ਲੋਕ ਤ੍ਰਾਹ-ਤ੍ਰਾਹ ਕਰ ਰਹੇ ਸਨ ਤੇ ਫਿਰ ਉਸ ਵੇਲੇ ਅਕਾਲ ਪੁਰਖ਼ ਦੇ ਦਰ ਤੇ ਲੋਕਾਈ ਦੀ ਆਵਾਜ਼ ਪਹੁੰਚ ਗਈ:

**"ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।"**

ਜਦੋਂ ਵੀ ਦੁਨੀਆਂ ਵਿਚ ਪਾਪ, ਜ਼ੁਲਮ-ਓ-ਸਿਤਮ ਅਤੇ ਅਧਰਮ ਵੱਧ ਜਾਂਦਾ ਹੈ। ਕੂੜ ਦੀ ਕਾਲੀ ਬੋਲੀ ਰਾਤ ਸੱਚ ਰੂਪੀ ਚੰਦਰਮਾ ਨੂੰ ਢੱਕ ਲੈਂਦੀ ਹੈ, ਤਾਂ ਅਕਾਲ ਪੁਰਖ ਆਪਣੇ ਕਿਸੇ ਵਿਸ਼ੇਸ਼ ਰੱਬੀ ਦੂਤ ਨੂੰ ਆਪਣੇ ਨੂਰ ਨਾਲ ਰੋਸ਼ਨ ਕਰਕੇ ਇਸ ਧਰਤੀ ਤੇ ਭੇਜਦਾ ਹੈ ਸੋ ਗੁਰੂ ਨਾਨਕ ਸਾਹਿਬ ਦੇ ਆਗਮਨ ਨਾਲ ਚਾਰੇ ਪਾਸੇ ਠੰਡ ਵਰਤ ਪਈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰੇਮ, ਦਇਆ, ਧਰਮ ਸੱਚ, ਨਿਆਂ ਅਤੇ ਮਿਹਰਾਂ ਦਾ ਸੂਰਜ ਚੜ੍ਹਿਆ। ਇਸ ਬਾਬਤ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

**"ਚੜ੍ਹਿਆ ਸੂਰਜੁ ਜਗੁ ਰੁਸਨਾਈ"**

ਗੁਰੂ ਨਾਨਕ ਸਾਹਿਬ ਨੇ ਭੁੱਲੀ ਭਟਕੀ ਲੋਕਾਈ ਅਤੇ ਉਨ੍ਹਾਂ ਵਿਚ ਪਸਰੀ ਅਗਿਆਨਤਾ, ਵਹਿਮਾਂ-ਭਰਮਾਂ, ਜਾਤਾਂ-ਪਾਤਾਂ, ਕਰਮ-ਕਾਂਡਾਂ ਨੂੰ ਦੂਰ ਕੀਤਾ ਅਤੇ ਇਕ ਅਕਾਲ ਪੁਰਖ ਨਾਲ ਜੋੜ ਕੇ ਸਿੱਧੇ ਰਾਹ ਪਾਇਆ।

ਜਗਤੁ ਗੁਰੂ ਬਾਬਾ ਨਾਨਕ ਦਾ ਪ੍ਰਕਾਸ਼ 15 ਅਪ੍ਰੈਲ 1469 ਈ: ਨੂੰ ਰਾਇ ਭੋਇ ਦੀ ਤਲਵੰਡੀ ਪਿਤਾ ਮਹਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਹੋਇਆ। ਗੁਰੂ ਨਾਨਕ ਸਾਹਿਬ ਜੀ ਦੇ ਪਿਤਾ ਮਹਿਤਾ ਕਾਲੂ ਜੀ ਇੱਕ ਭੱਟੀ ਜਗੀਰਦਾਰ ਰਾਇ ਬੁਲਾਰ ਦੇ ਪਟਵਾਰੀ ਸਨ। ਪਿਤਾ ਮਹਿਤਾ ਕਾਲੂ ਜੀ ਨੇ ਆਪ ਨੂੰ ਸੱਤ ਸਾਲ ਦੀ ਉਮਰ ਵਿਚ ਬ੍ਰਾਹਮਣ ਅਧਿਆਪਕ ਪਾਸ ਪੜ੍ਹਨ ਭੇਜਿਆ। ਆਪ ਨੇ ਉਨ੍ਹਾਂ ਤੋਂ ਦੇਵਨਾਗਰੀ ਲਿੱਪੀ ਪੜ੍ਹਨੀ ਤੇ ਲਿਖਣੀ ਸਿੱਖਣ ਤੋਂ ਇਲਾਵਾ ਗਣਿਤ ਬਾਰੇ ਵੀ ਗਿਆਨ ਪ੍ਰਾਪਤ ਕੀਤਾ। ਫਾਰਸੀ ਤੇ ਇਸਲਾਮੀ ਸਹਿਤ ਦੇ ਅਧਿਐਨ ਲਈ ਸਥਾਨਕ ਮੌਲਵੀ ਪਾਸ ਭੇਜਿਆ ਗਿਆ। ਜਦੋਂ ਆਪ ਦੀ ਉਮਰ ਨੌਂ ਸਾਲ ਦੀ ਹੋਈ ਤਾਂ ਆਪ ਨੂੰ ਜਨੇਊ ਪਹਿਨਾਉਣ ਦੀ ਰਸਮ ਨੂੰ ਪੂਰੀ ਕਰਨ ਲਈ ਕਿਹਾ ਗਿਆ ਤਾਂ ਆਪ ਨੇ ਇਹ ਕਹਿ ਕੇ ਜਨੇਊ ਪਹਿਨਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਅਜਿਹਾ ਜਨੇਊ ਪਹਿਨਣਗੇ ਜੋ **"ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ।।"**

ਗੁਰੂ ਨਾਨਕ ਸਾਹਿਬ ਜੀ ਦਾ ਵਿਆਹ ਬਕਾਲੇ ਸ਼ਹਿਰ ਦੇ ਰਹਿਣ ਵਾਲੇ ਸ਼੍ਰੀ ਮੂਲ ਚੰਦ ਦੀ ਪੁੱਤਰੀ ਸੁਲੱਖਣੀ ਨਾਲ ਹੋਇਆ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗੁਰੂ ਜੀ ਉੱਪਰ ਕੱਚੀ ਕੰਧ ਡੇਗਣ ਦੀ ਕੋਸ਼ਿਸ਼ ਕੀਤੀ ਸੀ, ਪਰ ਗੁਰੂ ਸਾਹਿਬ ਜੀ ਨੇ ਉਹਨਾਂ ਦੇ ਇਸ ਕਾਰਜ ਨੂੰ ਸਫਲ ਨਾ ਹੋਣ ਦਿੱਤਾ ਅਤੇ ਮੁਖੋਂ ਫੁਰਮਾਇਆ ਕਿ ਇਹ ਕੰਧ ਜੁਗੋ ਜੁਗ ਅਟੱਲ ਰਹੇਗੀ ਅਤੇ ਇਹ ਕੰਧ ਅਜੇ ਵੀ ਬਟਾਲੇ ਵਿਚ ਕਾਇਮ ਹੈ। ਹੁਣ ਇਸ ਅਸਥਾਨ 'ਤੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਹੈ। ਆਪ ਜੀ ਦੇ ਘਰ ਦੋ ਸਪੁੱਤਰ ਬਾਬਾ ਸ਼੍ਰੀ ਚੰਦ ਤੇ ਲੱਖਮੀ ਦਾਸ ਜੀ ਪੈਦਾ ਹੋਏ। ਕੁਝ ਸਮਾਂ ਗੁਰੂ ਸਾਹਿਬ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਰਹੇ ਜਿਥੇ ਆਪ ਨੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਚ ਨੌਕਰੀ ਕੀਤੀ ਅਤੇ ਤੇਰਾ ਤੇਰਾ ਤੋਲਿਆ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਨਵਾਬ ਨੂੰ ਸ਼ਿਕਾਇਤ ਕੀਤੀ ਕਿ ਨਾਨਕ ਗਰੀਬਾਂ ਨੂੰ ਤੇਰਾ ਤੇਰਾ ਕਰਕੇ ਤੋਲੀ ਜਾਂਦਾ ਹੈ ਜਿਸ ਨਾਲ ਮੋਦੀਖਾਨੇ ਦਾ ਨੁਕਸਾਨ ਹੋ ਰਿਹਾ ਹੈ। ਪਰ ਜਦ ਨਵਾਬ ਵੱਲੋਂ ਹਿਸਾਬ ਕੀਤਾ ਗਿਆ ਤੇ ਵੱਧ ਹੀ ਨਿਕਲਿਆ। ਇਥੇ ਹੀ ਆਪ ਵੇਈਂ ਵਿਚ ਇਸ਼ਨਾਨ ਕਰਨ ਉਪਰੰਤ ਕੁਝ ਸਮਾਂ ਇਕਾਂਤਵਾਸ ਰਹੇ ਅਤੇ ਜਦੋਂ ਬਾਹਰ ਆਏ ਤਾਂ ਆਪ ਨੇ "ਨਾ ਕੋਇ ਹਿੰਦੂ ਨਾ ਮੁਸਲਮਾਨ" ਦਾ ਨਾਅਰਾ ਦਿੱਤਾ। ਗੁਰੂ ਸਾਹਿਬ ਨੇ ਭੁਲੀ ਭਟਕੀ ਦੁਨੀਆਂ ਨੂੰ ਸਿੱਧੇ ਰਸਤੇ ਪਾਉਣ ਲਈ ਉਦਾਸੀਆਂ ਕੀਤੀਆਂ। ਉਦਾਸੀਆਂ ਸਮੇਂ ਭਾਈ ਮਰਦਾਨਾ ਜੀ ਆਪ ਜੀ ਦੇ ਨਾਲ ਸਨ। ਉਦਾਸੀਆਂ ਸਮੇਂ ਆਪ ਐਮਨਾਬਾਦ ਵਿਖੇ ਭਾਈ ਲਾਲੋ ਜੀ ਦੇ ਗ੍ਰਹਿ ਪਹੁੰਚੇ ਅਤੇ ਉਸ ਦਾ ਉਧਾਰ ਕੀਤਾ। ਹਰਿਦੁਆਰ ਵਿਖੇ ਗੰਗਾ ਇਸ਼ਨਾਨ ਸਮੇਂ ਸੂਰਜ ਰਾਹੀਂ ਆਪਣੇ ਪਿੱਤਰਾਂ ਨੂੰ ਪਾਣੀ ਪਹੁੰਚਾਉਣ ਜਿਹੇ ਵਿਚਾਰਾਂ ਦਾ ਖੰਡਨ ਕੀਤਾ। ਗੋਰਖਨਾਥ ਵਿਖੇ ਜੋਗੀਆਂ ਨੂੰ ਸੱਚ ਦਾ ਉਪਦੇਸ਼ ਦਿੱਤਾ ਅਤੇ ਇਸ ਅਸਥਾਨ ਦਾ ਨਾਮ ਗੋਰਖ ਮਤੇ ਤੋਂ ਬਦਲ ਕੇ ਨਾਨਕ ਮੱਤਾ ਪੈ ਗਿਆ। ਅਯੁਧਿਆ ਦੇ ਬੈਰਾਗੀ ਜੋ ਕਿ ਮੂਰਤੀ ਪੂਜਾ ਕਰਦੇ ਸਨ ਨੂੰ ਇਨ੍ਹਾਂ ਕੁਰੀਤੀਆਂ ਨੂੰ ਛੱਡ ਕੇ ਅਕਾਲ ਪੁਰਖ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਚੋਟੀ ਦੇ ਵਿਦਵਾਨ, ਫ਼ਕੀਰ, ਪੰਡਤ, ਮੌਲਾਣੇ ਬਾਬਾ ਨਾਨਕ ਦੇ ਮੁਰੀਦ ਬਣੇ।

ਭਾਈ ਮਰਦਾਨਾ ਜੀ ਜੋ ਕਿ ਤਲਵੰਡੀ ਦੇ ਰਹਿਣ ਵਾਲੇ ਸਨ ਅਤੇ ਮੁਸਲਮਾਨ ਮਰਾਸੀ ਸਨ, ਗੁਰੂ ਨਾਨਕ ਦੇ ਬਹੁਤ ਅਜੀਜ ਅਤੇ ਚੰਗੇ ਰਬਾਬੀ ਸਨ। ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਜੀ ਨਾਲ 6 ਦਹਾਕਿਆਂ ਤੱਕ ਰਹੇ।

ਗੁਰੂ ਨਾਨਕ ਸਾਹਿਬ ਨੇ ਆਪ ਹੱਥੀਂ ਖੇਤੀ ਕੀਤੀ ਅਤੇ ਲੋਕਾਈ ਨੂੰ ਉਪਦੇਸ਼ ਦਿੱਤਾ ਕਿ ਨਾਮ ਜਪੋ, ਕਿਰਤ ਕਰੋ ਅਤੇ ਵੰਡ ਕੇ ਛਕੋ।

**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963




**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181



## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥**
**ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥**

**ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 05-11-2025 (ਬੁੱਧਵਾਰ)**
**ਸੰਗਰਾਂਦ - 16-11-2025 (ਐਤਵਾਰ)**
**ਮੱਸਿਆ - 20-11-2025 (ਵੀਰਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 149 | ਨਵੰਬਰ - 2025



| | | |
|---|---|---|
| 1. | ਨਾਨਕ ਵਲੀ ਖ਼ੁਦਾਇ | 4 |
| 2. | ਧਰਮ ਹੇਤ ਸਾਕਾ ਜਿਨ ਕੀਆ... | 7 |
| 3. | ਗੁਨ ਗੋਬਿੰਦ ਗਾਇਓ ਨਹੀਂ ਜਨਮੁ ਅਕਾਰਥ ਕੀਨੁ ॥ | 11 |
| 4. | ਸਮਾਜ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 14 |
| 5. | ਭਾਈ ਵੀਰ ਸਿੰਘ ਜੀ ਦਾ ਪਰਿਵਾਰਕ ਪਿਛੋਕੜ | 16 |
| 6. | ਹਿੰਦ ਕੋ ਏਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ | 19 |
| 7. | ਪ੍ਰਿੰ. ਸ. ਵਰਿਆਮ ਸਿੰਘ ਜੀ ਨੂੰ 100ਵੇਂ ਜਨਮ ਦਿਨ ਦੀਆਂ ਮੁਬਾਰਕਾਂ ! | 21 |
| 8. | ਅਕਤੂਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 22 |
| 9. | ਨਾਟਕ ਹੀ ਨਾਟਕ | 26 |
| 10. | ਗੁਰ ਸਾਗਰ ਦੇ ਸੁੱਚੇ ਮੋਤੀ | 27 |
| 11. | ਸਚੁ ਸੁਣਾਇਸੀ ਸੱਚ ਕੀ ਬੇਲਾ | 28 |
| 12. | ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ | 30 |
| 13. | ਸਿਹਤ ਸੰਭਾਲ | 32 |
| 14. | ਕਾਵਿ-ਕਿਆਰੀ | 33 |
| 15. | Applications are invited upto 15.02.2025 from eligible candidates | 34 |
| 16. | Matrimonial | 36 |
| 17. | ਦਾਨੀ ਸੱਜਣਾਂ ਦੀ ਸੂਚੀ | 37 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਉਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।




**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

### 5 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਨਾਨਕ ਵਲੀ ਖ਼ੁਦਾਇ



ਗੁਰੂ ਨਾਨਕ ਦੇਵ ਜੀ ਨੂੰ ਵੱਖ-ਵੱਖ ਦੇਸ਼ਾਂ ਦੇ ਵੱਖ-ਵੱਖ ਧਰਮਾਂ ਵੱਲੋਂ ਵਡਿਆਈ ਦੇਣ ਲਈ ਉਨ੍ਹਾਂ ਨੂੰ 'ਨਾਨਕ ਵਲੀ ਖ਼ੁਦਾਇ', 'ਪੈਗੰਬਰ', 'ਰਹਿਬਰ', 'ਮੁਰਸ਼ਦ', 'ਬੋਧੀ ਸੰਤ', 'ਨਾਨਕ ਲਾਮਾ', 'ਵਲੀ-ਏ-ਹਿੰਦ', 'ਨਾਨਕਚਾਰੀਆ' ਅਤੇ ਹੋਰ ਕਈ ਸਤਿਕਾਰਤ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਤਾਂ ਪੈਦਾ ਹੀ ਇਨਕਲਾਬੀ ਪੈਗੰਬਰ ਹੋਏ ਸਨ, ਜਿਨ੍ਹਾਂ ਦਾ ਸਲੋਗਨ ਸੀ, 'ਨਾ ਕੋਈ ਹਿੰਦੂ ਨਾ ਮੁਸਲਮਾਨ' ਉਹ ਤਾਂ ਜਗਤ ਗੁਰੂ ਸਨ - 'ਸਭਨਾਂ ਦਾ ਸਾਂਝਾ ਨਾਨਕ ਸਭਨਾਂ ਦਾ ਯੋਰ ਵੋ' ਅਤੇ 'ਬਾਬਾ ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ ਮੁਸਲਮਾਨ ਦਾ ਪੀਰ' ਈਰਾਕ ਦੇ ਮੁਸਲਮਾਨ ਉਨ੍ਹਾਂ ਦਾ ਕਿੰਨਾ ਸਤਿਕਾਰ ਕਰਦੇ ਸਨ, ਇਸ ਦਾ ਪ੍ਰਮਾਣ ਹੈ ਬਗ਼ਦਾਦ ਦੇ ਇਕ ਧਾਰਮਿਕ ਸਥਾਨ ਅੰਦਰ ਉੱਕਰੇ ਹੋਏ ਇਹ ਸ਼ਬਦ - 'ਹਜ਼ਰਤ ਰਬੀ-ਈ-ਮਾਜੀਦ ਬਾਬਾ ਨਾਨਕ ਔਲੀਆ, ਅੱਲਾਹ'। 'ਇਨਕਲਾਬੀ ਉਹ ਹੁੰਦਾ ਹੈ ਜੋ ਦੱਬੇ ਕੁਚਲੇ ਲੋਕਾਂ ਪ੍ਰਤੀ ਆਪਣਾ ਆਪਾ ਸਮਰਪਿਤ ਕਰੇ, ਦੁਖੀ ਮਾਨਵਤਾ ਦੇ ਦੁੱਖ ਦੂਰ ਕਰੇ, ਧਰਵਾਸ ਦੇਵੇ, ਮਾਰਗ ਦਰਸ਼ਨ ਕਰੇ।' ਉਨ੍ਹਾਂ ਨੇ ਪੰਜਾਬ ਦੀ ਹੀ ਨਹੀਂ, ਸਮੁੱਚੀ ਲੋਕਾਈ ਦਾ ਨੈਤਿਕ ਤੇ ਅਧਿਆਤਮਕ ਜੀਵਨ ਸੁਧਾਰਨ ਤੇ ਸਰਬਸਾਂਝੀ ਕੌਮੀਅਤ ਪ੍ਰਤੀ ਜਾਗ੍ਰਿਤੀ ਪੈਦਾ ਕਰਨ ਦਾ ਬੀੜਾ ਚੁੱਕਿਆ। ਉਹ ਸਮੁੱਚੇ ਹਿੰਦੁਸਤਾਨ ਦੇ ਨਾਇਕ ਸਨ, ਜਿਨ੍ਹਾਂ ਵਿਚ ਹੌਸਲਾ, ਪਵਿੱਤਰ ਭਾਵਨਾ, ਹਮਦਰਦੀ ਭਰਿਆ ਵਤੀਰਾ, ਪਵਿੱਤਰ ਮਕਸਦ ਲਈ ਨਰੋਈ ਦਿਆਲੂ ਰੂਹ, ਚੇਤਨੰਤਾ, ਪਿਆਰ, ਇਕਸੁਰਤਾ, ਆਸ਼ਾਵਾਦੀ ਨਜ਼ਰੀਆ, ਭਾਵ ਉਹ ਗੁਣਾਂ ਦਾ ਖ਼ਜ਼ਾਨਾ ਸਨ। ਇਹੀ ਨਾਨਕਾਇਣ ਫਲਸਫ਼ਾ ਸੀ, ਜੋ ਸਰਬਵਿਆਪੀ ਮਾਨਵਤਾ ਲਈ ਸੀ।




**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਉਂਡੇਸ਼ਨ**
**ਚੰਡੀਗੜ੍ਹ**
98155-40240


ਜਦ ਤੋਂ ਮਨੁੱਖੀ ਭਾਈਚਾਰਾ ਹੋਂਦ ਵਿਚ ਆਇਆ ਹੈ, ਲੋਕਾਈ ਨੂੰ ਦੋ ਭਾਗਾਂ 'ਚ ਵੰਡਿਆ ਗਿਆ ਹੈ - 'ਕੰਮ ਕਰਨ ਵਾਲੇ ਤੇ ਉਨ੍ਹਾਂ ਦੀ ਕਮਾਈ 'ਤੇ ਪਲਣ ਵਾਲੇ।' ਬਹੁਗਿਣਤੀ ਕਿਰਤ ਕਰਨ ਵਾਲਿਆਂ ਦੀ ਹੀ ਹੈ ਪਰ ਉਨ੍ਹਾਂ ਦਾ ਜੀਵਨ ਹਮੇਸ਼ਾ ਥੁੜ੍ਹਾਂ ਭਰਿਆ ਤੇ ਤ੍ਰਿਸਕਾਰ ਵਾਲਾ ਰਿਹਾ ਹੈ। ਕੰਮ ਕਰਨ ਵਾਲੇ ਨੂੰ 'ਕੰਮੀ' ਤੇ ਉਸ ਤੋਂ ਵੀ ਅੱਗੇ 'ਕੰਮੀਣ' ਬਣਾ ਦਿੱਤਾ ਗਿਆ। ਇਸ ਦਾ ਅਰਥ ਹੈ ਕਿ ਕਿਰਤ ਕਰਨ ਵਾਲਿਆਂ ਨੂੰ ਸਮਾਜ ਵਿਚ ਮਾੜੇ ਨਜ਼ਰੀਏ ਨਾਲ ਵੇਖਿਆ ਜਾਂਦਾ ਸੀ। ਹੌਲੀ-ਹੌਲੀ ਇਹ ਵਰਗ-ਵੰਡ ਪੱਕੀ ਹੁੰਦੀ ਗਈ। ਇਹ ਵਰਗ-ਵੰਗ ਪੱਕੀ ਹੁੰਦੀ ਗਈ। ਇਸ ਵਰਗ ਨੂੰ ਦਾਸ ਤੇ ਦਾਸੀਆਂ ਵੀ ਆਖਿਆ ਗਿਆ। ਗੁਰੂ ਨਾਨਕ ਸਾਹਿਬ ਪਹਿਲੇ ਯੁੱਗ ਪੁਰਸ਼ ਹਨ, ਜਿਨ੍ਹਾਂ ਨੇ ਇਸ ਵਰਗ-ਵੰਡ ਦਾ ਵਿਰੋਧ ਕੀਤਾ। ਉਨ੍ਹਾਂ ਸਮਝਾਇਆ ਕਿ ਜਨਮ ਤੋਂ ਸਾਰੇ ਬਰਾਬਰ ਹਨ। ਕੋਈ ਵੀ ਬੁਰਾ ਨਹੀਂ ਹੁੰਦਾ, ਬੁਰੇ ਬੰਦੇ ਦੇ ਕਰਮ ਹੁੰਦੇ ਹਨ। ਉਨ੍ਹਾਂ ਨੇ ਕਿਰਤੀਆਂ ਨੂੰ ਗਲੇ ਲਗਾਇਆ ਤੇ ਆਪਣੇ ਬਰਾਬਰ ਖੜ੍ਹਾ ਕੀਤਾ। ਉਨ੍ਹਾਂ ਕਿਰਤ ਦਾ ਸਤਿਕਾਰ ਕੀਤਾ ਤੇ ਉਸ ਨੂੰ ਸਭ ਤੋਂ ਸ੍ਰੇਸ਼ਟ ਆਖਿਆ। ਉਨ੍ਹਾਂ ਉਪਦੇਸ਼ ਦਿੱਤਾ ਕਿ 'ਕਿਰਤ ਕਰੋ', ਭਾਵ ਸੁੱਚੀ ਕਮਾਈ ਕਰੋ, ਇਸ ਨੂੰ 'ਵੰਡ ਛਕੋ' ਤੇ ਹਮੇਸ਼ਾ ਪਰਮਾਤਮਾ ਨੂੰ ਯਾਦ ਰੱਖੋ।

ਇੰਜ ਗੁਰੂ ਸਾਹਿਬ ਨੇ ਸੰਸਾਰ ਨੂੰ ਇਕ ਨਵੇਂ ਸੱਭਿਆਚਾਰ ਦੀ ਬਖ਼ਸ਼ਿਸ਼ ਕੀਤੀ। ਜਦੋਂ ਮਨੁੱਖ ਵੰਡ ਕੇ ਛਕਦਾ ਹੈ ਤਾਂ ਉਹ ਸੁੱਚੀ ਕਿਰਤ ਕਰੇਗਾ, ਉਸ ਅੰਦਰ ਹਲੀਮੀ ਹੋਵੇਗੀ ਤੇ ਉਹ ਮਿੱਠ ਬੋਲੜਾ ਬਣੇਗਾ। ਪਰਮਾਤਮਾ ਦਾ ਨਾਮ ਜਪਦਿਆਂ ਹੀ ਹਉਮੈ ਤੋਂ ਦੂਰ ਰਿਹਾ ਜਾ ਸਕਦਾ ਹੈ, ਸਵੈ ਕਾਬੂ 'ਚ ਰਹਿੰਦਾ ਹੈ ਤੇ ਸਾਰੀ ਕਾਇਨਾਤ ਆਪਣੀ ਨਜ਼ਰ ਆਉਂਦੀ ਹੈ।

ਗੁਰੂ ਨਾਨਕ ਸਾਹਿਬ ਦੇ ਸਮੇਂ ਖੇਤੀ ਨੂੰ ਘਟੀਆ ਧੰਦਾ ਮੰਨਿਆ ਜਾਂਦਾ ਸੀ। ਖੇਤੀ ਕਰਨ ਵਾਲੇ ਜਗੀਰਦਾਰਾਂ ਦੇ ਗ਼ੁਲਾਮ ਸਮਝੇ ਜਾਂਦੇ ਸਨ। ਗੁਰੂ ਸਾਹਿਬ ਨੇ ਕੇਵਲ ਆਪ ਖੇਤੀ ਕੀਤੀ, ਸਗੋਂ ਖੇਤੀ ਨੂੰ ਸਭ ਤੋਂ ਉੱਤਮ ਧੰਦਾ ਆਖਿਆ। ਅਜਿਹਾ ਕਰ ਕੇ ਉਨ੍ਹਾਂ ਨੇ ਖੇਤੀ ਇਨਕਲਾਬ ਦੀ ਨੀਂਹ ਰੱਖੀ ਤਾਂ

ਜੋ ਸੰਸਾਰ ਵਿਚੋਂ ਭੁੱਖਮਰੀ ਨੂੰ ਦੂਰ ਕੀਤਾ ਜਾ ਸਕੇ। ਆਖਿਆ ਜਾਂਦਾ ਹੈ ਕਿ ਜਦੋਂ ਗੁਰੂ ਸਾਹਿਬ ਲੱਦਾਖ ਗਏ ਤਾਂ ਉਥੇ ਭੁੱਖਮਰੀ ਪਈ ਹੋਈ ਸੀ। ਗੁਰੂ ਜੀ ਨੇ ਉਥੋਂ ਦੇ ਲੋਕਾਂ ਨੂੰ ਚੌਲਾ ਦੀ ਖੇਤੀ ਕਰਨ ਦੀ ਨਾ ਕੇਵਲ ਜਾਂਚ ਸਿਖਾਈ ਸਗੋਂ ਖੇਤੀ ਕਰਨ ਲਈ ਉਤਸ਼ਾਹਿਤ ਭੀ ਕੀਤਾ। ਖੇਤੀ ਅਜਿਹਾ ਧੰਦਾ ਹੈ, ਜਿਸ ਦਾ ਕਰਤਾ ਆਪਣੇ ਆਪ ਗੁਰੂ ਨਾਨਕ ਸਾਹਿਬ ਵੱਲੋਂ ਬਖ਼ਸ਼ੇ 'ਨਾਮ ਜਪਣ, ਕਿਰਤ ਕਰਨੀ ਤੇ ਵੰਡ ਛਕਣ' ਵਾਲੇ ਅਸੂਲਾਂ ਦਾ ਧਾਰਨੀ ਹੋ ਜਾਂਦਾ ਹੈ। ਕਿਸਾਨ ਹੱਡ ਤੋੜਵੀਂ ਤੇ ਸੁੱਚੀ ਕਿਰਤ ਕਰਦਾ ਹੈ। ਉਸ ਦੀ ਕਿਰਤ ਵਿਚ ਕਿਤੇ ਵੀ ਕੂੜ ਨਹੀਂ ਹੈ। ਕਿਸਾਨ ਆਪਣਾ ਹੀ ਨਹੀਂ ਸਗੋਂ ਸਾਰੀ ਲੋਕਾਈ ਦਾ ਢਿੱਡ ਭਰਦਾ ਹੈ। ਉਸ ਦੇ ਦਰੋਂ ਕਦੇ ਕੋਈ ਖਾਲੀ ਨਹੀਂ ਗਿਆ। ਇਹ ਕਿਸਾਨ ਹੀ ਹੈ ਜਿਹੜਾ ਆਪਣੇ ਖੇਤਾਂ 'ਚ ਕੰਮ ਕਰਦਾ ਹੈ ਤੇ ਨਾਲ ਹੀ ਪ੍ਰਭੂ ਦਾ ਨਾਮ ਵੀ ਜਪਦਾ ਹੈ।

ਗੁਰੂ ਜੀ ਨੇ ਲੋਕਾਈ ਨੂੰ ਖੇਤੀ ਕਰਨ ਵਲ ਪ੍ਰੇਰਿਆ ਤਾਂ ਜੋ ਸੰਸਾਰ 'ਚੋਂ ਭੁੱਖ-ਦੁੱਖ ਦੂਰ ਹੋ ਸਕੇ। ਕਿਰਤ ਕਰਨ ਤੇ ਵੰਡ ਛਕਣ ਦੀ ਸਿੱਖੀ ਵਿਚ ਵਿਸ਼ੇਸ਼ ਮਹੱਤਤਾ ਹੈ। ਗੁਰੂ ਸਾਹਿਬ ਦੇ ਸਾਰੇ ਉਪਦੇਸ਼ ਦਾ ਆਧਾਰ ਹੀ ਇਹੋ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ ॥**

**ਨਾਨਕ ਰਾਹੁ ਪਛਾਣਹਿ ਸੇਇ ॥**

ਗੁਰੂ ਸਾਹਿਬ ਨੇ ਕਿਰਤੀ ਨੂੰ ਸਤਿਕਾਰ ਦੇ ਕੇ ਉਸ ਨੂੰ ਮਹਾਨਤਾ ਬਖ਼ਸ਼ੀ, ਸਿੱਖਾਂ ਨੂੰ ਬਰਾਬਰ ਦਾ ਸਬਕ ਸਿਖਾਇਆ ਤੇ ਜਦੋਂ ਬਰਾਬਰੀ ਦੀ ਭਾਵਨਾ ਜਾਗ ਪਵੇ ਤਾਂ ਤੁਹਾਨੂੰ ਕਿਸੇ ਦੇ ਤਰਸ ਦਾ ਪਾਤਰ ਨਹੀਂ ਬਣਨ ਦਿੰਦੀ। ਇਹ ਭਾਵਨਾ ਸਾਨੂੰ ਮਾਨਸਿਕ ਤੌਰ 'ਤੇ ਜ਼ਿੰਮੇਵਾਰ ਤੇ ਉੱਦਮੀ ਬਣਾਉਂਦੀ ਹੈ। ਸਿੱਖ ਧਰਮ ਨੇ ਲੋਕਾਂ ਅੰਦਰ ਬਹਾਦਰੀ, ਉੱਦਮ ਤੇ ਸ਼ਕਤੀ ਭਰੀ। ਲੋਕਾਂ ਦੇ ਚਿੰਤਨ ਨੂੰ ਹਾਂ-ਮੁਖੀ ਤੇ ਜੀਵਨ ਪੱਖੀ ਬਣਾਉਣ ਵਿਚ ਸਿੱਖੀ ਦਾ ਵੱਡਾ ਯੋਗਦਾਨ ਹੈ।

ਇਹ ਗੁਰੂ ਨਾਨਕ ਸਾਹਿਬ ਜੀ ਦੀ ਬਖ਼ਸ਼ਿਸ਼ ਹੈ ਕਿ ਪੰਜਾਬੀ ਕਿਸਾਨਾਂ ਨੇ ਜਿੱਥੇ ਜਾ ਕੇ ਵੀ ਹਲ ਜੋੜਿਆ, ਧਰਤੀ ਨੂੰ ਗੁਲਜ਼ਾਰ ਬਣਾ ਦਿੱਤਾ। ਇਸ ਸਦੀ ਦੇ ਸ਼ੁਰੂ ਵਿਚ ਪੰਜਾਬੀ ਕਿਸਾਨਾਂ ਨੇ ਹੀ ਪੱਛਮੀ ਪੰਜਾਬ ਦੀਆਂ ਬਾਰਾਂ ਨੂੰ ਅਬਾਦ ਕੀਤਾ ਤੇ ਆਪਣੀ ਮਿਹਨਤ ਨਾਲ ਲਾਇਲਪੁਰ ਨੂੰ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਬਣਾਇਆ। ਆਜ਼ਾਦੀ ਤੋਂ ਬਾਅਦ ਉਹ ਸਭ ਕੁਝ ਲੁਟਾ ਕੇ ਪੱਛਮੀ ਪੰਜਾਬ 'ਚੋਂ ਆਏ ਸਨ। ਸਿਰ ਲੁਕਾਉਣ ਦੀ ਥਾਂ ਮਿਲਦਿਆਂ ਹੀ ਉਨ੍ਹਾਂ ਨੇ ਰੱਜ ਕੇ ਮਿਹਨਤ ਕੀਤੀ ਤੇ ਭੁੱਖਮਰੀ ਦੇ ਮਾਰੇ ਦੇਸ਼ ਨੂੰ ਅਨਾਜ ਦੀ ਪੈਦਾਵਾਰ 'ਚ ਮੋਹਰੀ ਬਣਾਇਆ। ਕਿਸਾਨਾਂ ਨੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਉੱਤਰ ਪ੍ਰਦੇਸ਼ ਦੇ ਤਰਾਈ ਇਲਾਕੇ ਨੂੰ ਸਭ ਤੋਂ ਉਪਜਾਊ ਬਣਾਇਆ। ਰਾਜਸਥਾਨ ਦੇ ਰੇਗਿਸਤਾਨ ਨੂੰ ਗੁਲਜ਼ਾਰ ਬਣਾਉਣ ਵਾਲੇ ਵੀ ਪੰਜਾਬੀ ਕਿਸਾਨ ਹੀ ਹਨ। ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਜਿੱਥੇ ਪੰਜਾਬ ਗਏ ਉਥੋਂ ਦੇ ਵਧੀਆ ਕਿਸਾਨ ਬਣ ਗਏ ਤੇ ਇੰਜ ਗੁਰੂ ਸਾਹਿਬ ਨੇ ਕਿਰਤ ਆਧਾਰਿਤ ਸੱਭਿਆਚਾਰ ਦੀ ਸੰਸਾਰ ਨੂੰ ਬਖਸ਼ਿਸ਼ ਕੀਤੀ।

ਉਨ੍ਹਾਂ ਦੇ ਵਿਚਾਰਾਂ 'ਚੋਂ ਇਨਕਲਾਬੀ ਭਾਵਨਾ ਤਾਂ ਉਦੋਂ ਹੀ ਪ੍ਰਗਟ ਹੋਣੀ ਆਰੰਭ ਹੋ ਗਈ ਸੀ, ਜਦੋਂ ਉਨ੍ਹਾਂ ਨੇ ਔਰਤਾਂ ਦੇ ਹੱਕ 'ਚ ਆਵਾਜ਼ ਉਠਾ ਕੇ ਸਮਾਜ ਵਿਚ ਸਨਮਾਨ ਵਾਲਾ ਦਰਜਾ ਦਿਵਾਉਣ ਦਾ ਉਪਰਾਲਾ ਕੀਤਾ। ਗੁਰੂ ਸਾਹਿਬ ਨੇ ਖੁੱਲ੍ਹ ਕੇ ਔਰਤ ਦੀ ਸਮਾਨਤਾ ਦੀ ਆਵਾਜ਼ ਬੁਲੰਦ ਕੀਤੀ ਤੇ ਆਖਿਆ:

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

ਉਨ੍ਹਾਂ ਨੇ ਆਸਾ ਦੀ ਵਾਰ ਵਿਚ ਇਸਤਰੀ ਪੁਰਸ਼ ਦੀ ਬਰਾਬਰੀ ਦੀ ਗੱਲ ਕੀਤੀ, ਜਿਨ੍ਹਾਂ ਨਾਲ ਸਮਾਜ ਦੀ ਹੋਂਦ ਹੈ, ਔਰਤ ਜਗ ਜਣਨੀ ਹੈ, ਉਹ ਸਤਿਕਾਰਯੋਗ ਹੈ, ਜਦੋਂ ਲਿਖਦੇ ਹਨ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**

**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**

ਉਨ੍ਹਾਂ ਤੋਂ ਬਾਅਦ ਗੁਰੂ ਸਾਹਿਬਾਨ ਨੇ ਸਤੀ ਪ੍ਰਥਾ ਤੇ ਪਰਦੇ ਦੀ ਰਸਮ ਦੇ ਵਿਰੋਧ ਤੇ ਵਿਧਵਾ ਵਿਆਹ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ, ਜਿਸ ਨਾਲ ਸਮਾਜ ਵਿਚ ਔਰਤ ਨੂੰ ਰੁਤਬਾ ਤੇ ਮਾਣ-ਸਨਮਾਨ ਵਧਿਆ। ਮਾਣ ਵਾਲੀ ਗੱਲ ਹੈ ਜਦੋਂ ਅਸੀਂ ਆਖਦੇ ਹਾਂ, "ਇਹ ਬਾਬੇ ਨਾਨਕ ਦਾ ਵਿਹੜਾ ਹੈ, ਜਿੱਥੇ ਨਾਰੀ ਅੰਦਰ ਆਤਮ ਵਿਸ਼ਵਾਸ ਭਰਨ ਲਈ ਬੇਬੇ ਨਾਨਕੀ ਜੀ ਵਰਗੀ ਭੈਣ, ਬੀਬੀ ਖੀਵੀ ਜੀ ਵਰਗੀ ਲੰਗਰ ਦੀ ਜਾਂਚ ਸਿਖਾਉਣ ਵਾਲੀ ਮਾਤਾ, ਨਾਮ ਬਾਣੀ ਦਾ ਅਭਿਆਸ ਕਰਨ ਵਾਲੀ ਬੀਬੀ ਅਮਰੋ ਜੀ, ਧੀਰਜ ਦੀ ਮੂਰਤ ਮਾਤਾ ਗੰਗਾ ਜੀ, ਸੇਵਾ ਕਮਾਉਣ ਵਾਲੀ ਬੀਬੀ ਭਾਨੀ ਜੀ, ਕੁਰਬਾਨੀਆਂ ਦਾ ਇਤਿਹਾਸ ਸਿਰਜਣ ਵਾਲੇ ਮਾਤਾ ਗੁਜਰੀ ਜੀ ਹਨ।"

ਗੁਰੂ ਨਾਨਕ ਦੇਵ ਦੀ ਨੇ ਸਮਾਜ ਸੁਧਾਰ ਲਈ ਫ਼ਾਲਤੂ ਰਸਮਾਂ-ਰਿਵਾਜ਼ਾਂ ਦਾ ਵਿਰੋਧ ਕੀਤਾ, ਜਿਵੇਂ ਜਨੇਊ ਪਾਉਣਾ, ਸੂਤਕ-ਪਾਤਕ ਤੇ ਸ਼ਰਾਧ ਕਰਨੇ ਆਦਿ। ਉਨ੍ਹਾਂ ਨੇ ਜਨੇਊ ਦਾ ਅਸਲੀ ਅਰਥ ਸਮਝਾਉਂਦੇ ਹੋਏ ਲਿਖਿਆ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**


**ਇਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥**

ਇਸੇ ਤਰ੍ਹਾਂ ਸ਼ਰਾਧ ਕਰਨ ਤੇ ਸੁੱਚ-ਭਿੱਟ ਦੇ ਵਹਿਮਾਂ ਬਾਰੇ ਵੀ ਉਨ੍ਹਾਂ ਨੇ ਲੋਕਾਈ ਦਾ ਮਾਰਗ ਦਰਸ਼ਨ ਕੀਤਾ ਕਿ ਜੇ ਠੱਗੀਆਂ, ਚੋਰੀਆਂ ਕਰ ਕੇ ਪਿੱਤਰਾਂ ਦੇ ਸ਼ਰਾਧ ਕਰਨੇ ਹਨ ਤਾਂ ਕੀ ਲਾਭ?

ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਲੋਕਾਂ 'ਤੇ ਵੀ ਵਿਅੰਗ ਕੀਤਾ, ਜੋ ਦੂਸਰਿਆਂ ਦੀ ਲੁੱਟ-ਖਸੁੱਟ ਕਰ ਕੇ ਐਸ਼ ਕਰਦੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਕਿਰਤ ਦੀ ਕੋਈ ਮਹੱਤਤਾ ਨਹੀਂ। ਗੁਰੂ ਸਾਹਿਬ ਦਾ ਸਮਾਜਵਾਦ ਅਜਿਹਾ ਸੀ, ਜਿਸ ਵਿਚ ਸਾਰਿਆਂ ਨੂੰ ਬਰਾਬਰੀ ਦਾ ਅਧਿਕਾਰ ਹੋਵੇ ਤੇ ਹੱਥੀਂ ਕਿਰਤ ਕਰ ਕੇ ਵੰਡ ਛਕਣ। ਉਨ੍ਹਾਂ ਨੇ ਆਪ ਬਚਪਨ ਵਿਚ ਮੱਝਾਂ ਚਾਰੀਆਂ, ਮੋਦੀਖ਼ਾਨੇ ਦੀ ਨੌਕਰੀ ਕੀਤੀ ਤੇ ਆਖ਼ਰੀ ਉਮਰੇ ਕਰਤਾਰਪੁਰ ਵਿਖੇ ਖੇਤੀਬਾੜੀ ਕੀਤੀ। ਉਹ ਗ਼ਰੀਬਾਂ ਦੇ ਹਮਦਰਦ ਸਨ, ਇਹੀ ਕਾਰਨ ਸੀ ਕਿ ਉਨ੍ਹਾਂ ਨੇ ਮਲਕ ਭਾਗੋ ਦਾ ਭੋਜਨ ਛੱਡ ਕੇ ਭਾਈ ਲਾਲੋ ਦੀ ਕਿਰਤ ਕਮਾਈ ਦੀ ਰੋਟੀ ਖਾਧੀ। ਉਨ੍ਹਾਂ ਦੱਸਿਆ ਕਿ ਦਸਾਂ ਨਹੁੰਆਂ ਦੀ ਕਿਰਤ ਮਨੁੱਖ ਨੂੰ ਸਬਰ ਸੰਤੋਖ ਵਾਲਾ ਬਣਾ ਦਿੰਦੀ ਹੈ।

ਭਾਈ ਮਰਦਾਨਾ ਜੀ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਸਮੇਂ ਉਨ੍ਹਾਂ ਦੇ ਨਾਲ ਰਹੇ। ਉਨ੍ਹਾਂ ਨੇ ਕਿਰਤੀ ਮਿਸਤਰੀ ਭਾਈ ਲਾਲੋ ਤੇ ਝੰਡਾ, ਹਸੋ ਲੁਹਾਰ ਤੇ ਸ਼ਿਹਾਨ ਦਰਜੀ ਨੂੰ ਮਾਨਤਾ ਦਿੱਤੀ। ਗੁਰੂ ਸਾਹਿਬ ਨੇ ਕੰਜੂਸ ਕਾਰੂੰ ਦੀ ਮਿਸਾਲ ਦੇ ਕੇ ਲੋਕਾਂ ਨੂੰ ਸਮਝਾਇਆ ਕਿ ਉਹ ਕਬਰਾਂ ਵਿੱਚੋਂ ਮੁਰਦਿਆਂ ਦੇ ਮੂੰਹ 'ਚੋਂ ਵੀ ਸਿੱਕੇ ਕਢਵਾ ਲੈਂਦਾ ਸੀ ਜਦਕਿ ਮਾਇਆ ਨਾਲ ਨਹੀਂ ਜਾਣੀ। ਸਿਕੰਦਰ ਤੇ ਰਾਵਣ ਜਿਹੇ ਖ਼ਾਲੀ ਹੱਥ ਚਲੇ ਗਏ। ਉਨ੍ਹਾਂ ਨੇ ਨਸੀਹਤ

ਦਿੱਤੀ ਕਿ **'ਅੰਜਨ ਮਾਹਿ ਨਿਰੰਜਨਿ ਰਹੀਐ'** ਮਾਇਆ ਤਾਂ ਆਉਣੀ-ਜਾਣੀ ਹੈ, ਜਿਸ ਨੇ **'ਵਿਣੁ ਦੰਤਾ ਜਗੁ ਖਾਇਆ'**।



ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਨੂੰ ਭਾਗ ਲਾਏ ਤੇ ਆਪਣੇ ਸਮੇਂ ਦੌਰਾਨ ਲੋਧੀ ਰਾਜ, ਮੁਗ਼ਲਾਂ ਤੇ ਸ਼ੇਰ ਸ਼ਾਹ ਸੂਰੀ ਦੀ ਆਮਦ ਵੇਖੀ ਤੇ ਇਸ ਸਮੇਂ ਦੌਰਾਨ ਜੋ ਜ਼ੁਲਮ ਕਮਜ਼ੋਰ ਜਨਤਾ 'ਤੇ ਹੋਏ, ਉਹ ਸਹਿਣ ਨਾ ਕਰ ਸਕੇ ਤੇ ਰਾਜਿਆਂ ਨੂੰ ਬੁੱਚੜ ਤੇ ਕਸਾਈ ਤਕ ਕਹਿਣ ਤੋਂ ਗੁਰੇਜ਼ ਨਾ ਕੀਤਾ। ਬਾਬਰ ਨੇ ਜਦੋਂ ਐਮਨਾਬਾਦ ਵਿਖੇ ਲੁੱਟ ਮਚਾਈ, ਔਰਤਾਂ ਤੇ ਬੱਚਿਆਂ 'ਤੇ ਜ਼ੁਲਮ ਕੀਤਾ ਤਾਂ ਬਾਬਾ ਜੀ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਉਨ੍ਹਾਂ ਲਿਖਿਆ :

**- ਰਾਜੇ ਸ਼ੀਹ ਮੁਕਦਮ ਕੁਤੇ ॥**
**ਜਾਇ ਜਗਾਇਨਿ ਬੈਠੇ ਸੁਤੇ ॥**
**- ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥**
**- ਪਾਪ ਕੀ ਜੰਞ ਲੈ ਕਾਬਲਹੁ ਧਾਇਆ ॥**
**ਜੋਰੀ ਮੰਗੈ ਦਾਨ ਵੇ ਲਾਲੋ ॥**

ਉਨ੍ਹਾਂ ਨੇ ਬਾਬਰ ਨੂੰ ਨਸੀਹਤ ਦਿੱਤੀ ਕਿ ਜੇ ਪੱਕੇ ਪੈਰੀਂ ਰਾਜ ਕਰਨਾ ਹੈ ਤਾਂ ਲੋਕਾਂ ਦੇ ਦਿਲ ਜਿੱਤੇ।

ਗੁਰੂ ਜੀ ਨੇ ਸੱਜਣ ਠੱਗ, ਮਲਕ ਭਾਗੋ, ਚਤੁਰ ਦਾਸ, ਬਨਾਰਸ ਦੇ ਬ੍ਰਾਹਮਣਾਂ, ਕੌਡੇ ਰਾਕਸ਼ਸ਼, ਨੂਰ ਸ਼ਾਹ, ਕਾਮਰੂਪ ਦੀ ਰਾਣੀ, ਬਗ਼ਦਾਦ ਦੇ ਪੀਰ ਦਸਤਗੀਰ ਤੇ ਮੱਕੇ ਦੇ ਕਾਜ਼ੀ ਆਦਿ ਨੂੰ ਰਾਹੇ ਪਾਇਆ।

ਉਨ੍ਹਾਂ ਨੇ ਆਪਣੇ ਸੇਵਕ ਭਾਈ ਲਾਲੋ ਜੀ ਨੂੰ ਪਹਿਲੀ ਮੰਜੀ ਬਖ਼ਸ਼ੀ ਤਾਂ ਕਿ ਉੱਤਰੀ ਭਾਰਤ ਵਿਚ ਸਿੱਖੀ ਅਤੇ ਭਰਾਤਰੀ ਭਾਵ ਦਾ ਪ੍ਰਚਾਰ ਹੋ ਸਕੇ। ਭਾਈ ਗੁਰਦਾਸ ਜੀ ਨੇ ਉਨ੍ਹਾਂ ਬਾਰੇ ਲਿਖਿਆ ਹੈ :

**- ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ ॥**

ਗੁਰੂ ਸਾਹਿਬ ਦੀ ਵਡਿਆਈ ਦੀ ਹੋਰ ਵੱਡੀ ਮਿਸਾਲ ਕੀ ਹੋ ਸਕਦੀ ਹੈ ਕਿ ਉਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਅੰਨਿਨ ਸੇਵਕ ਭਾਈ ਲਹਿਣੇ ਨੂੰ ਅੰਗੀਕਾਰ ਕੀਤਾ ਤੇ 'ਅੰਗਦ' ਨਾਮ ਦਿੱਤਾ ਤੇ ਉਨ੍ਹਾਂ ਨੂੰ ਗੁਰਗੱਦੀ ਦਾ ਵਾਰਿਸ ਥਾਪਿਆ।

ਗੁਰੂ ਜੀ ਨੇ ਦੇਸ਼-ਦੁਨੀਆ ਦੇ ਕੋਨੇ-ਕੋਨੇ 'ਚ ਜਾ ਕੇ ਲਗਪਗ 38 ਹਜ਼ਾਰ ਮੀਲ ਦੀ ਪੈਦਲ ਯਾਤਰਾ ਕੀਤੀ ਤੇ ਤਰ੍ਹਾਂ-ਤਰ੍ਹਾਂ ਦੇ ਲੋਕਾਂ ਕਿਰਤੀ, ਮਿਸਤਰੀ, ਕੋਹੜੀ, ਅਨਾਥ, ਗ਼ਰੀਬ ਤੇ ਲੱਖਪਤੀਆਂ ਨੂੰ ਮਿਲੇ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਕੀਤਾ।

ਉਦਾਸੀਆਂ ਤੋਂ ਬਾਅਦ ਗੁਰੂ ਸਾਹਿਬ ਨੇ ਕਰਤਾਰਪੁਰ ਸਾਹਿਬ ਵਿਖੇ ਟਿਕਾਣਾ ਕੀਤਾ ਤੇ ਖੇਤੀਬਾੜੀ ਕੀਤੀ। ਇਸ ਸਥਾਨ ਤੇ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਾਣੀਆਂ ਜਪੁਜੀ, ਆਸਾ ਦੀ ਵਾਰ, ਓਂਕਾਰ, ਸਿਧ ਗੋਸਟਿ, ਬਾਰਹਮਾਹ, ਅਲਾਹੁਣੀਆਂ ਤੇ ਘੋੜੀਆਂ ਦੀ ਰਚਨਾ ਮਾਤ ਭਾਸ਼ਾ ਪੰਜਾਬੀ 'ਚ ਕੀਤੀ, ਜੋ ਬਾਅਦ ਵਿਚ ਗੁਰਮੁਖੀ ਕਹਾਈ। ਉਨ੍ਹਾਂ ਦਾ ਮਕਸਦ ਸੀ ਆਪਣੇ ਸਿਧਾਂਤ, ਵਿਚਾਰ, ਉਪਦੇਸ਼ ਲੋਕਾਈ ਤਕ ਆਸਾਨ ਰੂਪ 'ਚ ਪਹੁੰਚਦੇ ਕੀਤੇ ਜਾਣ। ਪੰਜਾਬੀ ਵਿਚ ਬਾਣੀ ਦੀ ਰਚਨਾ ਸਦਕਾ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਵਧੀ ਤੇ ਧਾਰਮਿਕ ਉਪਦੇਸ਼ ਉਨ੍ਹਾਂ ਤੱਕ ਪੁੱਜੇ। ਇਸ ਤੋਂ ਇਲਾਵਾ ਬ੍ਰਾਹਮਣ ਵਰਗ ਵਿਚ ਉਸ ਵੇਲੇ ਦੇਵ ਭਾਸ਼ਾ ਜਾਂ ਸੰਸਕ੍ਰਿਤ ਪ੍ਰਚਲਿਤ ਸੀ। ਨਿਮਨ ਵਰਗਾਂ ਨੂੰ ਇਹ ਭਾਸ਼ਾ ਪੜ੍ਹਨ ਜਾ ਸਿੱਖਣ ਦੀ ਮਨਾਹੀ ਸੀ। ਗੁਰੂ ਸਾਹਿਬ ਨੇ ਉਸ ਵਰਗ ਨੂੰ ਪੰਜਾਬੀ ਭਾਸ਼ਾ ਪੜ੍ਹਨ ਦੀ ਖੁੱਲ੍ਹ ਦਿੱਤੀ ਤੇ ਆਮ ਲੋਕਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਧਰਮ ਹੇਤ ਸਾਕਾ ਜਿਨ ਕੀਆ ...



ਸਿੱਖ ਧਰਮ ਦੇ ਨੌਂਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਸੰਨ 1621 ਵਿਚ ਵਿਸਾਖ 5 ਸੰਮਤ 1678 ਨੂੰ ਗੁਰੂ ਕੇ ਮਹਿਲਾਂ ਵਿਖੇ ਅੰਮ੍ਰਿਤਸਰ ਵਿਚ ਮਾਤਾ ਨਾਨਕੀ ਜੀ ਦੇ ਕੁਖੋਂ ਪਿਤਾ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਿਹ ਵਿਖੇ ਹੋਇਆ। ਬਚਪਨ ਤੋਂ ਹੀ ਆਪ ਜੀ ਦਾ ਸੁਭਾਅ ਬੜਾ ਸ਼ਾਂਤ, ਘੱਟ ਬੋਲਣ, ਇਕਾਂਤ ਪਸੰਦ ਗੰਭੀਰ, ਦਇਆਵਾਨ ਨੇ ਨਿਰਭੈ ਬਿਰਤੀ ਵਾਲਾ ਸੀ। ਬਚਪਨ ਤੋਂ ਹੀ ਲੰਮੀ ਸਮਾਧੀ ਲਾ ਕੇ ਬੈਠਣਾ ਕਿੰਨਾ-ਕਿੰਨਾ ਸਮਾਂ ਅਡੋਲ ਬੈਠੇ ਰਹਿਣਾ। ਮਾਤਾ ਜੀ ਨੇ ਪਿਤਾ ਗੁਰੂ ਜੀ ਪਾਸ ਫ਼ਿਕਰ ਜ਼ਾਹਿਰ ਕੀਤਾ ਤਾਂ ਗੁਰੂ ਜੀ ਨੇ ਕਿਹਾ ਫ਼ਿਕਰ ਦੀ ਲੋੜ ਨਹੀਂ ਹੈ। ਇਸ ਨੇ ਬੜੇ ਵੱਡੇ ਕੰਮ ਕਰਨੇ ਹਨ। ਆਪਣੇ ਦਾਦਾ ਜੀ ਵਾਂਗ ਵੱਡੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਲੈਣੀਆਂ ਹਨ।ਅੰਦਰੋਂ ਬਹੁਤ ਸਿਆਣੇ ਹਨ।ਗੁਰੂ ਜੀ ਨੇ ਪੁੱਤਰ ਤੇਗ਼ ਬਹਾਦਰ ਦੀ ਸਭ ਤਰ੍ਹਾਂ ਦੀ ਸਿੱਖਿਆ ਦਾ ਬਹੁਤ ਧਿਆਨ ਰੱਖਿਆ। ਸ਼ਸ਼ਤਰ ਵਿੱਦਿਆ, ਘੋੜ ਸਵਾਰੀ, ਧਾਰਮਿਕ ਵਿੱਦਿਆ ਆਦਿ ਸਭ ਦਾ ਬੜਾ ਉੱਚਾ ਪ੍ਰਬੰਧ ਕੀਤਾ ਗਿਆ ਸੀ। ਜਵਾਨੀ ਵਿਚ ਆਪ ਜੀ ਨੇ ਪਿਤਾ ਗੁਰੂ ਹਰਿਗੋਬਿੰਦ ਜੀ ਨਾਲ ਜੰਗਾਂ ਯੁੱਧਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਕਰਤਾਰਪੁਰ ਦੀ ਜੰਗ ਵਿਚ ਆਪ ਜੀ ਨੇ ਆਪਣੀ ਤੇਗ਼ ਦੇ ਬਹੁਤ ਜੌਹਰ ਦਿਖਾਏ। ਆਪ ਜੀ ਦੀ ਸ਼ਾਦੀ ਕਰਤਾਰਪੁਰ (ਜਲੰਧਰ) ਨਿਵਾਸੀ ਲਾਲ ਚੰਦ ਖੱਤਰੀ ਦੀ ਸਪੁੱਤਰੀ ਗੁਜਰੀ ਜੀ ਨਾਲ 15 ਅੱਸੂ ਸੰਮਤ 1689 ਈ. ਨੂੰ ਹੋਈ। ਜਦੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਜੋਤੀ ਜੋਤ ਸਮਾਏ ਤਾਂ ਆਪ ਜੀ ਆਪਣੀ ਮਾਤਾ ਨਾਨਕੀ ਜੀ ਅਤੇ ਮਹਿਲ ਮਾਤਾ ਗੁਜਰੀ ਜੀ ਨਾਲ ਬੇਬੇ ਨਾਨਕੀ ਜੀ ਦੇ ਪੇਕੇ ਪਿੰਡ ਬਕਾਲੇ ਵਿਚ ਆ ਗਏ। ਰੱਬੀ ਪ੍ਰੇਮ ਵਿਚ ਹਰ ਵੇਲੇ ਲੀਨ ਰਹਿਣ ਵਾਲੇ ਤੇਗ਼ ਬਹਾਦਰ ਜੀ ਇਕ ਛੋਟੀ ਜਿਹੀ ਕੋਠੜੀ ਵਿਚ ਪ੍ਰਭੂ ਪ੍ਰਮਾਤਮਾ ਦੇ ਰੰਗ ਵਿਚ ਉਸ ਦੀ ਭਗਤੀ ਵਿਚ ਇਕਾਂਤ ਬੈਠ ਕੇ ਜੁੜੇ ਰਹਿੰਦੇ। ਤਕਰੀਬਨ ਇੱਕੀ ਸਾਲ ਦਾ ਸਮਾ ਆਪ ਜੀ ਨੇ ਇਸ ਭੋਰੇ ਵਿਚ ਪ੍ਰਭੂ ਤਪੱਸਿਆ ਕੀਤੀ।

ਛੇਵੇਂ ਪਾਤਸ਼ਾਹ ਜੀ ਦੇ ਗੁਰੂ ਪੁਰੀ ਸਧਾਰ ਜਾਣ ਤੇ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਹਰਿ ਰਾਇ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ, ਜੋ ਸੱਤਵੇਂ ਗੁਰੂ ਬਣੇ। ਉਪਰੰਤ ਉਹਨਾਂ ਦੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਸਿੱਖਾਂ ਦੇ ਅੱਠਵੇਂ ਗੁਰੂ ਬਣੇ। ਦਿੱਲੀ ਵਿਚ ਚੇਚਕ ਦੀ ਬੀਮਾਰੀ ਤੋਂ ਪੀੜ੍ਹਤ ਮਨੁੱਖਤਾ ਦੀ ਮਹਾਨ ਸੇਵਾ ਕਰਦੇ ਹੋਏ ਜਦੋਂ ਅੱਠਵੇਂ ਪਾਤਸ਼ਾਹ ਕੁਝ ਬਿਮਾਰ ਹੋ ਕੇ ਗੁਰਪੁਰੀ ਸਿਧਾਰਨ ਲੱਗੇ ਤਾਂ ਸਿੱਖਾਂ ਦੇ ਅਗਲੇ ਗੁਰੂ ਕੌਣ? ਦੇ ਪ੍ਰਸ਼ਨ ਦੇ ਉੱਤਰ ਵਿਚ ਇਕ ਨਾਰੀਅਲ ਤੇ ਕੁਝ ਪੈਸੇ ਰੱਖ ਕੇ ਮੱਥਾ ਟੇਕਦੇ ਹੋਏ ਬਚਨ ਕੀਤਾ ਕਿ 'ਬਾਬਾ ਬਕਾਲੇ'। ਗੁਰੂ ਜੀ ਦੇ ਇਸ ਇਸ਼ਾਰੇ ਵੱਸ ਸੰਗਤਾਂ ਨੇ ਬਕਾਲਾ ਪਿੰਡ ਵੱਲ ਆਪਣੀ ਆਸਥਾ ਅਤੇ ਸ਼ਰਧਾ ਹਿੱਤ ਵਹੀਰਾਂ ਘੱਤ ਲਈਆਂ। ਮਾਮਲਾ ਸਪੱਸ਼ਟ ਨਹੀਂ ਸੀ। ਗੁਰੂ ਘਰ ਨਾਲ ਕਿਸੇ ਤਰ੍ਹਾਂ ਦਾ ਸੰਬੰਧ ਰੱਖਣ ਵਾਲੇ ਸਾਰੇ ਹੀ ਆਪਣੀਆਂ ਹੱਟੀਆਂ ਖੋਹਲ ਕੇ ਬੈਠ ਗਏ। ਧੀਰਮੱਲ ਤੋਂ ਇਲਾਵਾ ਹੋਰ ਕੁਝ 22 ਮੰਜੀਆਂ ਜਾਂ ਦਰਬਾਰ ਲੱਗ ਗਏ। ਹਰ ਕਿਸੇ ਦੇ ਮਸੰਦ ਆਉਣ ਵਾਲੀਆਂ ਸੰਗਤਾਂ ਨੂੰ ਆਪਣੇ ਵਾਲੇ ਅਖਾਉਤੀ


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਗੁਰੂ ਨੂੰ ਹੀ ਅਸਲੀ ਦੱਸ ਕੇ ਮਾਇਆ ਅਤੇ ਵਸਤਾਂ ਠੱਗਦੇ।

ਅਸਮਾਨ ਵਿਚ ਬੱਦਲ, ਧੁੰਦ ਜਾਂ ਹੋਰ ਤਰ੍ਹਾਂ ਦੇ ਗੁਬਾਰ ਜਿਸ ਤਰ੍ਹਾਂ ਸੂਰਜ ਨੂੰ ਬਹੁਤਾ ਚਿਰ ਛੁਪਾ ਕੇ ਨਹੀਂ ਰੱਖ ਸਕਦੇ। ਇਸ ਤਰ੍ਹਾਂ ਝੂਠ ਫਰੇਬ ਦੇ ਅਡੰਬਰ ਵੀ ਸੱਚਾਈ ਨੂੰ ਬਹੁਤ ਚਿਰ ਛਿਪਾ ਕੇ ਨਹੀਂ ਰੱਖ ਸਕਦੇ। ਦੂਰ ਸਮੁੰਦਰਾਂ ਵਿਚ ਗੁਰੂ ਨਾਨਕ ਦੇ ਦਰਬਾਰ ਦਾ ਇਕ ਸ਼ਰਧਾਲੂ ਆਪਣਾ ਕਾਰੋਬਾਰੀ ਸਮਾਨ ਇਕ ਸਮੁੰਦਰੀ ਜਹਾਜ ਵਿਚ ਲੱਦ ਕੇ ਪਾਣੀਆਂ ਦੇ ਰਸਤੇ ਆਪਣੀ ਮੰਜ਼ਿਲ ਵੱਲ ਜਾ ਰਿਹਾ ਹੈ। ਸਮੁੰਦਰੀ ਤੂਫ਼ਾਨ ਕਾਰਨ ਅਚਾਨਕ ਜਹਾਜ਼ ਡੱਕੇ ਖਾਣ ਲੱਗਦਾ ਹੈ ਤੇ ਬਰੇਤੀ ਵਿਚ ਫਸ ਜਾਂਦਾ ਹੈ। ਮਲਾਹ ਜਹਾਜ਼ ਨੂੰ ਅੱਗੇ ਚਲਾਉਣ ਦੇ ਸਾਰੇ ਹੀਲੇ ਹਰਬੇ ਵਰਤ ਕੇ ਮਾਲਕ ਨੂੰ ਇਸ ਦੇ ਬਚਾਉਣ ਤੋਂ ਅਸਮਰਥਾ ਜਾਹਿਰ ਕਰ ਦਿੰਦੇ ਹਨ ਤਾਂ ਜਹਾਜ਼ ਦਾ ਮਾਲਕ ਆਪਣੇ ਵੱਡੇ ਮਾਲਕ ਅੱਗੇ ਹੱਥ ਬੰਨ੍ਹ ਕੇ ਅਰਦਾਸ ਕਰਦਾ ਹੈ। ਅਰਦਾਸ ਮਨਜ਼ੂਰ ਹੁੰਦੀ ਹੈ। ਬੇੜਾ ਬੰਨ੍ਹੇ ਲੱਗ ਜਾਂਦਾ ਹੈ। ਵਪਾਰਕ ਰੁਝੇਵਿਆਂ ਵਿਚੋਂ ਸਮਾਂ ਮਿਲਦੇ ਹੀ ਆਪਣੇ ਪਰਿਵਾਰ ਅਤੇ ਨੌਕਰਾਂ ਚਾਕਰਾਂ ਸਮੇਤ ਗੁਰੂ ਦਰਬਾਰ ਲਈ ਨਿਕਲ ਪੈਂਦਾ ਹੈ। ਪਤਾ ਲੱਗਦਾ ਹੈ ਅੱਠਵੇਂ ਗੁਰੂ ਜੀ ਜੋਤੀ ਜੋਤ ਸਮਾਉਣ ਵੇਲੇ 'ਬਾਬਾ ਬਕਾਲੇ' ਦੇ ਲਫ਼ਜ਼ ਕਹਿ ਗਏ ਸਨ। ਜਿਸ ਦਾ ਭਾਵ ਹੈ ਕਿ ਅਗਲਾ ਗੁਰੂ ਬਾਬੇ ਬਕਾਲੇ ਵਿਚ ਰਹਿੰਦਾ ਹੈ। ਪਰਿਵਾਰ ਅਤੇ ਲਾਉ ਲਸ਼ਕਰ ਸਮੇਤ ਸਿੱਖ ਬਕਾਲੇ ਪਹੁੰਚ ਕੇ ਨਗਰ ਦੇ ਬਾਹਰ ਡੇਰਾ ਲਗਾ ਲੈਂਦਾ ਹੈ। ਸਾਰੇ ਅਖਾਉਤੀ ਗੁਰੂਆਂ ਦੇ ਮਸੰਦ ਤੇ ਚੇਲੇ ਪਤਾ ਕਰਦੇ ਹਨ ਕਿ ਏਡਾ ਧਨਾਢ ਸ਼ਰਧਾਲੂ ਕੌਣ ਹੈ ਜੋ ਗੁਰੂ ਦੇ ਦਰਸ਼ਨ ਕਰਨ ਲਈ ਆਇਆ ਹੈ। ਪਤਾ ਕਰਕੇ ਆਪਣੇ-ਆਪਣੇ ਪਾਖੰਡੀ ਗੁਰੂ ਨੂੰ ਦੱਸਦੇ ਕਿ ਜ਼ਿਲ੍ਹਾ ਗੁਜਰਾਤ ਦਾ ਇਕ ਧਨਾਢ ਵਿਉਪਾਰੀ ਮੱਖਣ ਸ਼ਾਹ ਲੁਬਾਣਾ ਗੁਰੂ ਦਰਸ਼ਨਾਂ ਲਈ ਆਇਆ ਹੈ। ਬੜੀ ਮਾਇਆ ਭੇਟ ਕਰੇਗਾ।

ਮੱਖਣ ਸ਼ਾਹ ਨੂੰ ਜਦ ਪਤਾ ਲੱਗਾ ਕਿ ਇਥੇ ਤਾਂ 22 ਗੁਰੂ ਆਪਣੀਆਂ ਦੁਕਾਨਾਂ ਖੋਹਲ ਕੇ ਬੈਠੇ ਹਨ ਤੇ ਹਰ ਕੋਈ ਆਪਣੇ ਆਪ ਨੂੰ ਅਸਲੀ ਗੁਰੂ ਦੱਸ ਰਿਹਾ ਹੈ ਤਾਂ ਸਿੱਖ ਸੋਚ ਵਿਚ ਪੈ ਗਿਆ। ਸੋਚਿਆ ਮੈਂ ਕਿਵੇਂ ਲੱਭਾਂ ਕਿ ਮੇਰਾ ਬੇੜਾ ਪਾਰ ਲਾਉਣ ਵਾਲਾ ਇਨ੍ਹਾਂ ਵਿਚ ਸੱਚਾ ਕਿਹੜਾ ਹੈ। ਮੰਨ ਵਿਚ ਵਿਉਂਤ ਆਈ। ਸੱਭ ਨੂੰ ਦੋ-ਦੋ, ਪੰਜ-ਪੰਜ ਮੋਹਰਾਂ ਧਰ ਕੇ ਮੱਥਾ ਟੇਕਿਆ। ਸਭ ਖੁਸ਼। ਸਿੱਖ ਨੂੰ ਖੁਸ਼ੀ ਨਾ ਹੋਈ। ਅਸਲ ਗੁਰੂ ਨੇ ਮੈਨੂੰ ਪਛਾਣ ਲੈਣਾ ਸੀ ਜਿਹੜਾ ਹਜ਼ਾਰਾਂ ਮੀਲ ਦੂਰ ਤੋਂ ਮੇਰੀ ਅਰਦਾਸ ਸੁਣ ਸਕਦਾ ਹੈ ਉਹ ਮੈਨੂੰ ਆਪਣੇ ਕੋਲ ਆਏ ਨੂੰ ਵੀ ਪਛਾਣੇਗਾ। ਪੁੱਛਿਆ ਕੋਈ ਹੋਰ ਹੈ। ਕਿਸੇ ਕਿਹਾ ਉਹ ਥੋੜ੍ਹਾ ਦੂਰ ਗੁਰੂ ਪਰਿਵਾਰ ਨਾਲ ਸੰਬੰਧਤ ਤੇਗਾ ਕਮਲਾ ਵੀ ਰਹਿੰਦਾ ਹੈ। ਹਰ ਵੇਲੇ ਭਗਤੀ ਵਿਚ ਲੀਨ, ਦੀਨ ਦੁਨੀਆਂ ਤੋਂ ਪਰ੍ਹੇ ਰਹਿੰਦਾ ਹੈ। ਸਿੱਖ ਉਥੇ ਪਹੁੰਚ ਗਿਆ। ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ। ਸੱਚਾ ਬੋਲਿਆ 'ਭਾਈ ਸਿੱਖਾ ਮਾਇਆ ਦੀ ਲੋੜ ਨਹੀਂ ਪਰ ਵਾਅਦਾ ਤਾਂ ਕੁਝ ਹੋਰ ਸੀ।' ਸਿੱਖ ਦੇ ਕਪਾਟ ਖੁਲ੍ਹ ਗਏ। ਮੂੰਹੋਂ ਬੋਲਿਆ ਨਾ ਜਾਵੇ। ਖੁਸ਼ੀ ਨਾਲ ਗਦਗਦ ਹੋ ਗਿਆ। ਸਭ ਕੁਝ ਢੇਰੀ ਕਰ ਦਿੱਤਾ ਤੇ ਬੇਨਤੀ ਕੀਤੀ ਪ੍ਰਗਟ ਹੋਵੋ ਹੁਣ ਮੈਂ ਅੰਦਰ ਨਹੀਂ ਬਹਿਣ ਦੇਣਾ। ਸੰਗਤਾਂ ਨੂੰ ਝੂਠੇ ਗੁੰਮਰਾਹ ਕਰ ਰਹੇ ਹਨ। ਮਨਾਂ ਕਰਨ ਤੇ ਵੀ ਭਾਈ ਮੱਖਣ ਸ਼ਾਹ ਲੁਬਾਣਾ ਕੋਠੇ ਤੇ ਚੜ੍ਹ ਗਿਆ। 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਦਾ ਰੋਲਾ ਪਾਇਆ। ਝੂਠੇ ਦੌੜ ਗਏ। ਸੱਚਾ ਪ੍ਰਗਟ ਹੋ ਗਿਆ। 20 ਮਾਰਚ 1665 ਨੂੰ ਗੁਰੂ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ।




ਬਾਬੇ ਬਕਾਲੇ ਗੁਰਸਿੱਖਾਂ ਨੂੰ ਸਿੱਖੀ ਨਾਲ ਜੋੜਦੇ। ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਨੂੰ ਗਏ। ਭਾਵੇਂ ਕਿ ਉਥੇ ਕਾਬਜ਼ ਮਹੰਤਾਂ ਨੇ ਅੰਦਰੋਂ ਦਰਸ਼ਨ ਨਾ ਕਰਨ ਦਿੱਤੇ। ਆਪ ਜੀ ਦੇ ਮਨ ਵਿਚ ਸੀ ਕਿ ਨੀਮ ਪਹਾੜੀ ਇਲਾਕੇ ਵਿਚ ਇਕ ਸੁੰਦਰ ਨਗਰ ਵਸਾਇਆ ਜਾਵੇ। ਕੇਹਿਲੂਰ ਦੀ ਰਿਆਸਤ ਦੇ ਰਾਜੇ ਤੋਂ ਪਿੰਡ ਮਾਖੋਵਾਲ ਦੀ ਧਰਤੀ ਖਰੀਦ ਕੇ ਆਨੰਦਪੁਰ ਸਾਹਿਬ ਨਾਮ ਦਾ ਨਗਰ ਵਸਾਇਆ। ਆਪ ਜੀ ਨੇ ਦੇਸ਼ ਦੇ ਵੱਖ-ਵੱਖ ਕੋਨਿਆਂ ਵਿਚ ਸਿੱਖੀ ਦੇ ਪ੍ਰਚਾਰ ਹਿੱਤ ਲੰਮੀਆਂ ਯਾਤਰਾਵਾਂ ਕੀਤੀਆਂ। ਕਈਆਂ ਜੀਵਾਂ ਦਾ ਉਦਾਰ ਕਰਦੇ, ਖੂਹ ਲਗਵਾਉਂਦੇ, ਸਿੱਧੇ ਰਾਹ ਪਾਉਂਦੇ ਹੋਏ, ਥਾਂ-ਥਾਂ ਲੋਕਾਂ ਨੂੰ ਸੱਚਾਈ ਦਾ ਪਾਠ ਪੜ੍ਹਾਉਂਦੇ ਕੈਂਥਲ, ਕੁਰਕਸ਼ੇਤਰ ਹੁੰਦੇ ਹੋਏ ਪ੍ਰਯਾਗਰਾਜ ਪੁੱਜੇ। ਲੋਕਾਂ ਨੂੰ ਸੁਚਾ ਵਿਵਹਾਰ, ਸਿਮਰਨ ਸੇਵਾ, ਸਦਾ ਪ੍ਰਭੂ ਦੇ ਭੈ ਵਿਚ ਰਹਿਣ ਦੀਆਂ ਸਿੱਖਿਆਵਾਂ ਦੇਂਦੇ ਹੋਏ ਆਪ ਜੀ ਕਾਸ਼ੀ ਬਨਾਰਸ ਪੁੱਜੇ। ਜੋਨਪੁਰ ਦੀ ਸੰਗਤ ਨੂੰ ਦਰਸ਼ਨ ਦਿੱਤੇ। ਅੱਗੇ ਸਸਰਾਮ ਪੁੱਜੇ। ਸਸਰਾਮ ਵਿਚ ਇਕ ਫਗੂ ਨਾ ਦਾ ਭਗਤ ਰਹਿੰਦਾ ਸੀ। ਕਹਿੰਦੇ ਹਨ ਕਿ ਉਸ ਨੇ ਗੁਰ ਆਮਦ ਤੋਂ ਬਹੁਤ ਪਹਿਲਾਂ ਹੀ ਆਪਣੀ ਕੁਟੀਆ ਨੂੰ ਬਹੁਤ ਸੁੰਦਰ ਸਜਾਇਆ, ਬਗੀਚਾ ਸੰਵਾਰਿਆ ਹੋਇਆ ਸੀ। ਪੁੱਛਣ ਤੇ ਦੱਸਦਾ ਸੀ ਕਿ ਮੇਰੇ ਸਤਿਗੁਰਾਂ ਨੇ ਆਉਣਾ ਹੈ। ਸੇਵਾ ਵਾਸਤੇ ਕਾਰ-ਭੇਟਾ ਉਗਰਾਹੁੰਦਾ ਹੋਇਆ ਇਕ ਬੀਬੀ ਦੇ ਘਰ ਪਹੁੰਚਿਆ। ਬੀਬੀ ਬਹੁਕਰ ਬਾਹਰੀ ਕਰ ਰਹੀ ਸੀ। ਫਗੂ ਨੇ ਆਪਣੀ ਝੋਲੀ ਕਰਕੇ ਭੇਟਾ ਮੰਗੀ ਤਾਂ ਬੀਬੀ ਨੇ ਬਾਹਰੀ ਨਾਲ ਕੱਠਾ ਕੀਤਾ ਕੂੜਾ ਹੀ ਚੁੱਕ ਕੇ ਫਗੂ ਦੀ ਝੋਲੀ ਵਿਚ ਪਾ ਦਿੱਤਾ। ਫਗੂ ਨੇ ਘਰ ਆ ਕੇ ਕੂੜਾ ਇਸੇ ਤਰ੍ਹਾਂ ਹੀ ਪੋਟਲੀ ਵਿਚ ਬੰਨ੍ਹ ਕੇ ਰੱਖ ਲਿਆ। ਕੂੜੇ ਵਿਚੋਂ ਨਿਕਲੀ ਬੇਰੀ ਦੀ ਇਕ ਗਿੱਟਕ ਨੂੰ ਜ਼ਮੀਨ ਵਿਚ ਗੱਡ ਦਿੱਤਾ। ਕੁਝ ਸਮਾਂ ਪਾ ਕੇ ਉਥੇ ਬੇਰੀ ਦਾ ਇਕ ਵੱਡਾ ਦਰੱਖ਼ਤ ਬਣ ਗਿਆ। ਸਮਾ ਪਾ ਕੇ ਗੁਰੂ ਜੀ ਨੇ ਆਣ ਦਰਸ਼ਨ ਦਿੱਤੇ। ਫਗੂ ਨੇ ਵੱਖ-ਵੱਖ ਇਕੱਠੀਆਂ ਕੀਤੀਆਂ ਸਾਰੀਆਂ ਭੇਟਾਵਾਂ ਗੁਰੂ ਜੀ ਅੱਗੇ ਲਿਆ ਰੱਖੀਆਂ। ਗੁਰੂ ਜੀ ਨੇ ਭੇਟਾਵਾਂ ਸਵੀਕਾਰ ਕਰਦੇ ਹੋਏ ਕਿਹਾ 'ਫਗੂ ਇਕ ਭੇਟਾ ਤੂੰ ਲੁਕੋ ਲਈ ਹੈ ਸਾਡੇ ਅੱਗੇ ਭੇਟ ਨਹੀਂ ਕੀਤੀ।' ਫਗੂ ਹੈਰਾਨ ਹੋਇਆ ਗੁਰੂ ਜੀ ਨੇ ਉਸ ਬੀਬੀ ਦੁਆਰਾ ਦਿੱਤੀ ਕੂੜੇ ਦੀ ਪੋਟਲੀ ਮੰਗੀ। ਪੋਟਲੀ ਹਾਜ਼ਰ ਕਰਦੇ ਹੋਏ ਫਗੂ ਨੇ ਦੱਸਿਆ ਕਿ

ਮਹਾਰਾਜ ਇਸ ਪੋਟਲੀ ਵਿਚੋਂ ਨਿਕਲੀ ਬੇਰੀ ਦੀ ਗਿਟਕ ਦਾ ਹੀ ਇਹ ਬੇਰੀ ਦਾ ਦਰੱਖ਼ਤ ਹੈ ਜਿਸ ਥੱਲੇ ਆਪ ਜੀ ਬੈਠੇ ਹੋ। ਗੁਰੂ ਜੀ ਨੇ ਵਰ ਦਿੱਤਾ ਕਿ ਇਹ ਬੇਰੀ ਜੁਗਾਂ ਤੱਕ ਰਹੇਗੀ ਤੇ ਲੋਕ ਸ਼ਰਧਾ ਨਾਲ ਇਸ ਦਾ ਪ੍ਰਸ਼ਾਦ ਖਾਇਆ ਕਰਨਗੇ। ਯਾਤਰੀ ਅੱਜ ਵੀ ਸਸਰਾਮ ਵਿਚ ਖੜੀ ਬੇਰੀ ਦੇ ਦਰਸ਼ਨ ਕਰਦੇ ਹਨ ਤੇ ਬੇਰੀ ਦੇ ਫਲ ਦਾ ਪ੍ਰਸ਼ਾਦਿ ਲੈ ਕੇ ਆਉਂਦੇ ਹਨ। ਫਗੂ ਨੂੰ ਤਾਰ ਕੇ ਗੁਰੂ ਜੀ ਸਸਰਾਮ ਤੋਂ ਗਯਾ ਪੁਜੇ। ਗਯਾ ਵਿਚ ਪੰਡਤਾਂ ਦਾ ਉਦਾਰ ਕਰਦੇ ਹੋਏ ਗੁਰੂ ਜੀ ਪਟਨਾ ਪੁੱਜੇ। ਪਟਨੇ ਵਿਚ ਜਗਤੇ ਸੇਠ ਹਲਵਾਈ ਦੇ ਘਰ ਰੁਕੇ। ਉਸ ਨੂੰ ਗੁਰੂ ਜੀ ਨੇ ਸਿੱਖੀ ਨਾਲ ਜੋੜਿਆ। ਮਾਤਾ ਗੁਜਰੀ ਜੀ ਤੇ ਮਾਮਾ ਕਿਰਪਾਲ ਜੀ ਨੂੰ ਪਟਨੇ ਹੀ ਛੱਡ ਕੇ ਗੁਰੂ ਜੀ ਅੱਗੇ ਅਸਾਮ ਵੱਲ ਚੱਲ ਗਏ। ਰਾਜਾ ਰਾਮ ਸਿੰਘ ਦੀ ਸਹਾਇਤਾ ਕੀਤੀ। ਉਸ ਦੁਆਲੇ ਹੋਏ ਭੂਤ ਪ੍ਰੇਤ, ਵਹਿਮ ਭਰਮ ਤੇ ਜਾਦੂ ਟੂਣਿਆਂ ਨੂੰ ਦੂਰ ਕੀਤਾ। ਸ਼ੋਭਾ ਸੁਣ ਕੇ ਰਾਜਾ ਰਾਮ ਆਪਣੀ ਪਤਨੀ ਸਮੇਤ ਚਰਨੀਂ ਪਿਆ। ਪੁੱਤਰ ਦੀ ਦਾਤ ਮੰਗੀ। ਮਹਾਰਾਜ ਨੇ ਵਰ ਦਿੱਤਾ। ਅਸਾਮ ਤੋਂ ਢਾਕੇ ਜਾਂਦੇ ਆਪ ਜੀ ਨੂੰ ਪਟਨਾ ਵਿਖੇ ਬਾਲ ਗੋਬਿੰਦ ਰਾਏ ਜੀ ਦੇ ਜਨਮ ਦੀ ਸੂਚਨਾ ਮਿਲੀ। ਵਾਹਿਗੁਰੂ ਦਾ ਸ਼ੁਕਰ ਕੀਤਾ। ਢਾਕੇ ਦੀ ਯਾਤਰਾ ਤੋਂ ਬਾਅਦ ਆਪ ਜੀ ਵਾਪਸ ਪਟਨੇ ਲਈ ਚਾਲੇ ਪਾਏ। ਪਟਨੇ ਪਹੁੰਚ ਕੇ ਗੁਰੂ ਜੀ ਨੇ ਸਾਹਿਬਜ਼ਾਦੇ ਨੂੰ ਅਸ਼ੀਰਵਾਦ ਦਿੱਤਾ। ਹਾਜ਼ਰ ਸੰਗਤ ਨੂੰ ਭੇਟਾਵਾਂ ਦਿੱਤੀਆਂ ਗਈਆਂ। ਜਾਚਕਾਂ, ਕੀਰਤਨੀਆਂ, ਢਾਡੀਆਂ ਨੂੰ ਮੂੰਹ ਮੰਗੀਆਂ ਦਾਤਾ ਬਖਸ਼ੀਆਂ।

ਕੁਝ ਚਿਰ ਪਟਨੇ ਰਹਿ ਕੇ ਗੁਰੂ ਜੀ ਨੇ ਅਨੰਦਪੁਰ ਸਾਹਿਬ ਵਾਪਸ ਆਉਣ ਦਾ ਫੈਸਲਾ ਕਰ ਲਿਆ। ਆਨੰਦਪੁਰ ਪੁੱਜਣ ਤੇ ਆਨੰਦਪੁਰੀ ਵਿਚ ਰੌਣਕਾਂ ਲੱਗ ਗਈਆਂ। ਸਤਿਗੁਰਾਂ ਦਾ ਸਿੰਘਾਸਨ ਲੱਗ ਗਿਆ। ਕੀਰਤਨ ਹੋਣਾ ਸ਼ੁਰੂ ਹੋ ਗਿਆ। ਦੂਰੋਂ-ਦੂਰੋਂ ਸੰਗਤਾਂ ਦਰਸ਼ਨਾਂ ਲਈ ਪੁੱਜਣੀਆਂ ਸ਼ੁਰੂ ਹੋ ਗਈਆਂ। ਅੰਮ੍ਰਿਤਸਰ ਤੇ ਲਾਹੌਰ ਅਤੇ ਕਾਬਲ ਤੋਂ ਵੀ ਸੰਗਤ ਆਈ। ਬੜੀਆਂ ਭੇਟਾਵਾਂ ਲਿਆਂਦੀਆਂ ਗਈਆਂ। ਆਨੰਦਪੁਰ ਗੁਰਸਿੱਖੀ ਦੀਆਂ ਗਤੀਵਿਧੀਆਂ ਦਾ ਕੇਂਦਰ ਬਣ ਗਿਆ।

ਦਿੱਲੀ ਵਿਚ ਔਰੰਗਜ਼ੇਬ ਦਾ ਰਾਜ ਸੀ। ਇਕ ਜ਼ਾਲਮ ਅਤੇ ਤਅੱਸਮੀ ਰਾਜਾ ਸੀ। ਆਪਣੇ ਸਕੇ ਭਰਾਵਾਂ ਦਾ ਕਤਲ ਕਰਕੇ ਅਤੇ ਪਿਤਾ ਨੂੰ ਜਿਉਂਦੇ ਜੀਅ ਹੀ ਕੈਦ ਵਿਚ ਰੱਖ ਕੇ ਰਾਜ ਭਾਗ ਤੇ ਬੈਠਾ ਸੀ। ਪਾਖੰਡ ਇਹ ਕਰਦਾ ਸੀ ਕਿ ਇਸਲਾਮ ਤੋਂ ਬਾਹਰ ਰਹਿ ਗਏ ਸਾਰੇ ਲੋਕ ਕਾਫ਼ਰ ਹਨ ਅਤੇ ਇਹਨਾਂ ਕਾਫ਼ਰਾਂ ਨੂੰ ਇਸਲਾਮ ਵਿਚ ਲੈ ਕੇ ਆਉਣਾ ਅਤੇ ਨਾ ਆਉਣ ਦੀ ਸੂਰਤ



ਵਿਚ ਉਹਨਾਂ ਦਾ ਖਾਤਮਾ ਕਰਨਾ ਹੀ ਉਸ ਦਾ ਦੀਨ ਹੈ। ਦੁਨੀਆਂ ਦੇ ਸਭ ਧਰਮਾਂ ਨੂੰ ਖਤਮ ਕਰਕੇ ਸਿਰਫ਼ ਇਸਲਾਮੀ ਝੰਡਾ ਝੁਲਾਉਣਾ ਹੀ ਉਸ ਦੇ ਜੀਵਨ ਦਾ ਨਿਸ਼ਾਨਾ ਸੀ। ਹਿੰਦੂਆਂ ਦੇ ਮੰਦਰ ਢਾਹ ਕੇ ਮਸੀਤਾਂ ਬਨਾਉਣੀਆਂ, ਹਿੰਦੂਆਂ ਦੇ ਕਤਲ ਕਰਕੇ ਜੰਞੂ ਲੁਹਾਣੇ ਅਤੇ ਜ਼ਬਰੀ ਮੁਸਲਮਾਨ ਬਨਾਉਣਾ ਉਸ ਦਾ ਜ਼ਾਲਮਾਨਾ ਕਾਰਜ ਸੀ।

ਇਸੇ ਲੜੀ ਵਿਚ ਕਸ਼ਮੀਰ ਸੂਬੇ ਵਿਚ ਉਸ ਦੇ ਹੁਕਮਾਂ ਨੂੰ ਪ੍ਰਵਾਨ ਚੜ੍ਹਾਉਣ ਲਈ ਸ਼ੇਰ ਅਫਗਾਨ ਖਾਨ ਸੂਬੇਦਾਰ ਦੀ ਡਿਊਟੀ ਲੱਗੀ ਹੋਈ ਸੀ। ਸ਼ੇਰ ਅਫਗਾਨ ਖਾਨ ਰੋਜ਼ ਹੀ ਹਜ਼ਾਰਾਂ ਹਿੰਦੂਆਂ ਨੂੰ ਮੁਸਲਮਾਨ ਬਨਣ ਲਈ ਡਰਾਉਂਦਾ ਧਮਕਾਉਂਦਾ ਤੇ ਧਰਮ ਨਾ ਬਦਲਣ ਕਾਰਨ ਉਹਨਾਂ ਨੂੰ ਕਤਲ ਕਰਵਾ ਰਿਹਾ ਸੀ। ਕਸ਼ਮੀਰ ਵਿਚ ਹਾਹਾਕਾਰ ਮੱਚੀ ਹੋਈ ਸੀ। ਕਸ਼ਮੀਰੀ ਪੰਡਤਾਂ ਨੇ ਇਕ ਇਕੱਠ ਕਰਕੇ ਇਸ ਮੁਸੀਬਤ ਤੋਂ ਬਚਨ ਦਾ ਕੋਈ ਹੱਲ ਕੱਢਣ ਬਾਰੇ ਤਕਰੀਬ ਦੀ ਯੋਜਨਾ ਬਣਾਈ। ਸੁਝਾਅ ਆਇਆ ਕਿ ਸਿੱਖਾਂ ਦੇ ਨੌਵੇਂ ਗੁਰੂ ਗੁਰੂ ਤੇਗ਼ ਬਹਾਦਰ ਦੀ ਸ਼ਰਨ ਵਿਚ ਜਾਇਆ ਜਾਵੇ ਤੇ ਉਹਨਾਂ ਨੂੰ ਹੀ ਹਿੰਦੂ ਧਰਮ ਨੂੰ ਬਚਾਉਣ ਦੀ ਬੇਨਤੀ ਕੀਤੀ ਜਾਵੇ। ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿਚ ਇਕ ਵਫਦ ਆਨੰਦਪੁਰ ਸਾਹਿਬ ਲਈ ਰਵਾਨਾ ਹੋ ਗਿਆ।

ਕਸ਼ਮੀਰੀ ਪੰਡਿਤਾਂ ਦਾ ਇਹ ਵਫ਼ਦ ਆਨੰਦਪੁਰ ਵਿਚ ਗੁਰੂ ਦਰਬਾਰ ਵਿਚ ਪੁੱਜਾ। ਰੁਦਨ ਕਰ ਕਰ ਕੇ ਆਪਣੀ ਸਾਰੀ ਵਿਥਿਆ ਸੁਣਾਈ। ਵਿਥਿਆ ਸੁਣ ਕੇ ਗੁਰੂ ਜੀ ਚਿੰਤਾਤੁਰ ਹੋਏ। ਗੰਭੀਰ ਸੋਚ ਦੀ ਅਵਸਥਾ ਵਿਚ ਬੈਠੇ ਸਨ ਕਿ ਬਾਲ ਗੋਬਿੰਦ ਰਾਏ ਜੀ ਹਾਜ਼ਰ ਹੋਏ। ਪੁੱਛਿਆ ਪਿਤਾ ਜੀ ਆਪ ਜੀ ਕਿਸ ਗਹਿਰੀ ਸੋਚ ਵਿਚ ਡੁੱਬੇ ਹੋ ਅਤੇ ਇਹ ਵਿਅਕਤੀ ਕੌਣ ਹਨ? ਗੁਰੂ ਜੀ ਨੇ ਦੱਸਿਆ ਇਹ ਕਸ਼ਮੀਰ ਰਿਆਸਤ ਦੇ ਹਿੰਦੂ ਪੰਡਿਤ ਹਨ। ਸਮੇਂ ਦਾ ਹਾਕਮ ਔਰੰਗਜ਼ੇਬ ਇਹਨਾਂ ਨੂੰ ਆਪਣਾ ਧਰਮ ਛੱਡ ਕੇ ਇਸਲਾਮ ਧਰਮ ਕਬੂਲਣ ਲਈ ਮੌਤ ਦਾ ਡਰ ਦੇ ਕੇ ਧਮਕਾ ਰਿਹਾ ਹੈ। ਸਥਿਤੀ ਬੜੀ ਗੰਭੀਰ ਹੈ। ਬਾਲ ਗੋਬਿੰਦ ਰਾਏ ਜੀ ਨੇ ਪੁੱਛਿਆ ਪਿਤਾ ਜੀ ਇਸ ਮੁਸ਼ਕਲ ਦਾ ਕੀ ਹੱਲ ਹੈ। ਗੁਰੂ ਪਿਤਾ ਨੇ ਕਿਹਾ ਕਿ ਕੋਈ ਧਰਮਾਤਮਾ ਪੁਰਸ਼ ਇਹਨਾਂ ਦੀ ਬਾਂਹ ਫੜੇਗਾ ਤੇ ਲੋੜ ਪੈਣ ਤੇ ਆਪਣੇ ਸਿਰ ਦੀ ਕੁਰਬਾਨੀ ਦੇਵੇਗਾ ਤਾਂ ਹੀ ਇਸ ਜ਼ੁਲਮ ਨੂੰ ਠੰਡ ਪੈ ਸਕਦੀ ਹੈ। ਬਾਲ ਗੋਬਿੰਦ ਜੀ ਬੋਲੇ ਪਿਤਾ ਜੀ ਇਸ ਸਮੇਂ ਆਪ ਜੀ ਤੋਂ ਵੱਡਾ ਕੋਈ ਧਰਮਾਤਮਾ ਪੁਰਸ਼ ਨਹੀਂ ਹੈ। ਆਪ ਜੀ ਹੀ ਇਹਨਾਂ ਦਾ ਆਸਰਾ ਬਣੋ। ਸੁਣ ਕੇ ਗੁਰੂ ਜੀ ਨੇ ਬਾਲ ਗੋਬਿੰਦ ਨੂੰ ਗਲ ਨਾਲ ਲਗਾ ਲਿਆ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਜਾਉ ਸ਼ੇਰ ਅਫਗਾਨ ਰਾਹੀਂ ਔਰੰਗਜ਼ੇਬ ਨੂੰ ਸੁਨੇਹਾ ਭੇਜ ਦੇਵੋ ਕਿ ਗੁਰੂ ਤੇਗ਼ ਬਹਾਦਰ ਜੀ ਸਾਡੇ ਗੁਰੂ ਹਨ ਜੇਕਰ ਉਹ ਧਰਮ ਪਰਿਵਰਤਨ ਲਈ ਮੰਨ ਜਾਣ ਤਾਂ ਅਸੀਂ ਵੀ ਆਪਣਾ ਧਰਮ ਛੱਡ ਕੇ ਇਸਲਾਮ ਕਬੂਲ ਕਰ ਲਵਾਂਗੇ। ਔਰੰਗਜ਼ੇਬ ਦੇ ਦਰਬਾਰ ਸੁਨੇਹੇ ਪੁੱਜ ਗਏ। ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਹੋ ਗਏ।

ਗੁਰੂ ਜੀ ਆਪ ਹੀ ਦਿੱਲੀ ਵੱਲ ਨੂੰ ਚੱਲ ਪਏ। ਪੰਜ ਸਿੱਖਾਂ ਨੂੰ ਨਾਲ ਲੈ ਕੇ ਆਪ ਜੀ ਪਟਿਆਲਾ, ਰੋਹਤਕ ਤੋਂ ਆਗਰਾ ਪੁੱਜੇ। ਆਗਰੇ ਵਿਚ ਆਪ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗ੍ਰਿਫ਼ਤਾਰ ਕਰਕੇ ਦਿੱਲੀ ਲਿਆਂਦਾ ਗਿਆ। ਔਰੰਗਜ਼ੇਬ ਦੇ ਦਰਬਾਰ ਵਿਚ ਇਸਲਾਮ ਕਬੂਲ ਕਰਨ ਜਾਂ ਮੌਤ ਕਬੂਲ ਕਰਨ ਦੀਆਂ ਸ਼ਰਤਾਂ ਰੱਖੀਆਂ ਗਈਆਂ। ਗੁਰੂ ਜੀ ਨੂੰ ਕਰਾਮਾਤ




ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਲੁਬਾਣਾ ਤੋਂ ਕਰਵਾ ਕੇ ਲੁਬਾਣਾ ਬਰਾਦਰੀ ਦੀ ਜੋ ਜ਼ਿੰਮੇਵਾਰੀ ਲਗਾਈ ਸੀ। ਗੁਰੂ ਦੇ ਲੁਬਾਣਾ ਸਿੱਖਾਂ ਨੇ ਜਿਸ ਸ਼ਰਧਾ ਅਤੇ ਸਤਿਕਾਰ ਨਾਲ ਉਹ ਪੂਰੀ ਕੀਤੀ ਉਸ ਕਰਕੇ ਸਿੱਖ ਇਤਿਹਾਸ ਵਿਚ ਸਮੁੱਚੀ ਲੁਬਾਣਾ ਬਰਾਦਰੀ ਦਾ ਨਾਮ ਸੁਨਿਹਰੀ ਅੱਖਰਾਂ ਵਿਚ ਦਰਜ ਹੈ। ਗੁਰੂ ਤੇਗ਼ ਬਹਾਦਰ ਜੀ ਦੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 115 ਸਲੋਕ ਦਰਜ ਹਨ।

ਦਿਖਾਉਣ ਲਈ ਕਿਹਾ ਗਿਆ। ਨਾਂਹ ਕਰਨ ਤੇ ਗੁਰੂ ਜੀ ਨਾਲ ਗ੍ਰਿਫ਼ਤਾਰ ਹੋਏ ਤਿੰਨ ਸਿੱਖਾਂ ਵਿਚੋਂ ਭਾਈ ਮਤੀ ਦਾਸ ਨੂੰ ਗੁਰੂ ਜੀ ਦੇ ਸਾਹਮਣੇ ਜਿਉਂਦੇ ਜੀਅ ਆਰੇ ਨਾਲ ਚੀਰ ਦਿੱਤਾ ਗਿਆ। ਭਾਈ ਸਤੀ ਦਾਸ ਜੀ ਦੇ ਸਰੀਰ ਦੁਆਲੇ ਰੂੰ ਲਪੇਟ ਕੇ ਜਲਾ ਦਿੱਤਾ ਗਿਆ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ਼ ਵਿਚ ਬਿਠਾ ਕੇ ਉਬਾਲਿਆ ਗਿਆ। ਸਾਰੇ ਸਿੱਖ ਅਡੋਲ ਹੋ ਕੇ ਗੁਰਬਾਣੀ ਦਾ ਜਾਪ ਕਰਦੇ ਰਹੇ। ਜਲਾਦ ਕੰਬਦੇ ਰਹੇ। ਸਿੱਖ ਆਪਣਾ ਇਤਿਹਾਸ ਸਿਰਜਦੇ ਰਹੇ। ਗੁਰੂ ਜੀ ਨੂੰ ਚਾਂਦਨੀ ਚੌਂਕ ਵਿਚ ਬਿਠਾ ਕੇ ਕਰਾਮਾਤ ਵਿਖਾਉਣ ਨੂੰ ਕਿਹਾ ਗਿਆ। ਜਿਸ ਗੁਰੂ ਦੇ ਪਿਤਾ ਨੇ ਆਪਣੇ ਸਪੁੱਤਰ ਬਾਬਾ ਅਟੱਲ ਰਾਏ ਜੀ ਨੂੰ ਕਰਾਮਾਤ ਵਿਖਾਉਣ ਕਰਕੇ ਉਨ੍ਹਾਂ ਨਾਲ ਨਰਾਜ਼ਗੀ ਜ਼ਾਹਿਰ ਕੀਤੀ ਸੀ। ਉਸ ਗੁਰੂ ਦਾ ਪੁੱਤਰ ਕਰਾਮਾਤਾਂ ਵਿਖਾਉਣ ਵਿਚ ਕਿਵੇਂ ਯਕੀਨ ਰੱਖ ਸਕਦਾ ਸੀ। ਆਖਿਰ ਚਾਂਦਨੀ ਚੌਂਕ ਵਿਚ ਗੁਰੂ ਤੇਗ਼ ਬਹਾਦਰ ਜੀ ਵੱਲੋਂ ਆਪਣਾ ਧਰਮ ਬਦਲੀ ਕਰਨ ਦੇ ਨਾਦਰੀ ਹੁਕਮ ਨੂੰ ਨਾ ਮੰਨਣ ਕਾਰਨ ਉਨ੍ਹਾਂ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਫਿਰ ਅਸਲ ਵਿਚ ਕਰਾਮਾਤ ਵਾਪਰੀ। ਜ਼ੋਰ ਦੀ ਲਾਲ ਹਨ੍ਹੇਰੀ ਅਤੇ ਮਿੱਟੀ ਨਾਲ ਭਰਿਆ ਝੱਖੜ ਝੁਲਿਆ। ਗੁਰੂ ਦਾ ਸਿੱਖ ਭਾਈ ਜੈਤਾ ਸਖ਼ਤ ਪਹਿਰਿਆਂ ਵਿਚ ਗੁਰੂ ਦਾ ਸੀਸ ਝੋਲੀ ਵਿਚ ਰੱਖ ਕੇ ਲੈ ਗਿਆ। ਤੇ ਗੁਰੂ ਘਰ ਦਾ ਇਕ ਹੋਰ ਸੇਵਕ ਭਾਈ ਲੱਖੀ ਸ਼ਾਹ ਲੁਬਾਣਾ ਆਪਣੇ ਰੂੰ ਦੇ ਗੱਡਿਆਂ ਵਿਚ ਗੁਰੂ ਦੇ ਧੜ ਨੂੰ ਲੁਕੋ ਕੇ ਆਪਣੇ ਘਰ ਲੈ ਗਿਆ। ਪਹਿਰੇਦਾਰਾਂ ਅਤੇ ਸੂਹੀਆਂ ਦੀਆਂ ਫੌਜਾਂ ਲਾਸ਼ ਲੱਭਣ ਲਈ ਪੂਰੀ ਦਿੱਲੀ ਦੀ ਤਲਾਸ਼ੀ ਲੈਣ ਲੱਗੀਆਂ। ਗੁਰੂ ਦੇ ਸਿੱਖ ਨੇ ਆਪਣੇ ਘਰ ਦੇ ਅੰਦਰ ਹੀ ਲੱਕੜੀਆਂ ਦੀ ਚਿਖ਼ਾ ਚੁਣੀ ਤੇ ਸਤਿਕਾਰ ਨਾਲ ਗੁਰੂ ਧੜ ਦਾ ਸੰਸਕਾਰ ਕਰ ਦਿੱਤਾ। ਸਾਰੇ ਘਰ ਨੂੰ ਅੱਗ ਲੱਗ ਗਈ। ਸੂਹੀਏ ਘਰ ਲੱਗੀ ਅੱਗ ਸਮਝ ਕੇ ਮੁੜ ਗਏ। ਗੁਰੂ ਦੇ ਸਿੱਖ ਨੇ ਆਪਣਾ ਫਰਜ਼ ਪੂਰਾ ਕਰ ਲਿਆ। ਗੁਰੂ ਤੇਗ਼ ਬਹਾਦਰ ਜੀ ਨੂੰ ਪ੍ਰਗਟ ਕਰਨ ਅਤੇ ਉਹਨਾਂ ਦੇ ਪਵਿੱਤਰ ਧੜ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਨੌਵੇਂ ਪਾਤਸ਼ਾਹ ਨੇ ਆਪ ਭਾਈ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਬਾਬਤ ਬਚਿਤ੍ਰ ਨਾਟਕ ਵਿਚ ਲਿਖਿਆ ਹੈ–

**ਠੀਕਰਿ ਫੋਰਿ ਦਿਲਿਸ ਸਿਰਿ, ਪ੍ਰਭ ਪੁਰ ਕਿਯਾ ਪਯਾਨ।**
**ਤੇਗ ਬਹਾਦਰ ਸੀ ਕ੍ਰਿਯਾ, ਕਰੀ ਨ ਕਿਨਹੂੰ ਆਨ॥**

ਗੁਰੂ ਜੀ ਲਿਖਦੇ ਹਨ –

**"ਤਿਲਕ ਜੰਞੂ ਰਾਖਾ ਪ੍ਰਭ ਤਾਕਾ**
**ਕੀਨੋ ਬਡੋ ਕਲੂ ਮਹਿ ਸਾਕਾ**
**ਧਰਮ ਹੇਤ ਸਾਕਾ ਜਿਨ ਕੀਆ**
**ਸੀਸ ਦੀਆ ਪਰ ਸਿਰਰ ਨਾ ਦੀਆ"**



# ਗੁਨ ਗੋਬਿੰਦ ਗਾਇਓ ਨਹੀਂ ਜਨਮੁ ਅਕਾਰਥ ਕੀਨੁ ॥

**ਗੁਨ ਗੋਬਿੰਦ ਗਾਇਓ ਨਹੀਂ ਜਨਮੁ ਅਕਾਰਥ ਕੀਨੁ ॥**
**ਕਹੁ ਨਾਨਕ ਹਰਿ ਭਜ ਮਨਾ ਜਿਹ ਬਿਧਿ ਜਲ ਕਉ ਮੀਨੁ ॥**
**ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥**
**ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥**
**ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥**
**ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥ (ਪੰਨਾ 1426)**

ਇਹ ਸ਼ਬਦ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮੁਖਾਰਬਿੰਦ ਤੋਂ ਰਚਿਆ ਹੋਇਆ ਹੈ ਜਿਹਨਾਂ ਨੂੰ ਸੰਸਾਰ ਭਰ ਵਿਚ ਗੁਰੂ ਲੇਵਾ ਸਿੱਖ ਸੰਗਤਾਂ 350ਵੇਂ ਸ਼ਹੀਦੀ ਦਿਹਾੜੇ ਦੇ ਰੂਪ ਵਿਚ ਯਾਦ ਕਰ ਰਹੀਆਂ ਹਨ। ਅਖੰਡ ਪਾਠ ਜਾਂ ਸਹਿਜ ਪਾਠ ਦੇ ਭੋਗ ਸਮੇਂ ਬੜੀ ਸ਼ਰਧਾ ਭਾਵਨਾ ਨਾਲ ਇਹ ਸ਼ਬਦ ਸਿੱਖ ਸੰਗਤਾਂ ਇਕੱਠੇ ਹੋ ਕੇ ਪੜ੍ਹਦੀਆਂ ਹਨ। ਹੇ ਭਾਈ! ਜੇ ਤੂੰ ਪ੍ਰਮਾਤਮਾ ਦੇ ਗੁਣ ਕਦੇ ਨਹੀਂ ਗਾਏ, ਤਾਂ ਤੂੰ ਆਪਣਾ ਮਨੁੱਖਾ ਜਨਮ ਨਿਕੰਮਾ ਕਰ ਲਿਆ। ਹੇ ਨਾਨਕ! ਆਖ ਹੇ ਮਨ! ਪ੍ਰਮਾਤਮਾ ਦਾ ਭਜਨ ਕੀਰਤਨ ਕਰ ਤੇ (ਉਸ ਨੂੰ ਜ਼ਿੰਦਗੀ ਦਾ ਆਸਰਾ ਬਣਾ) ਜਿਵੇਂ ਪਾਣੀ ਨੂੰ ਮੱਛੀ (ਆਪਣੀ ਜ਼ਿੰਦਗੀ ਦਾ ਆਸਰਾ ਬਣਾਈ ਰੱਖਦੀ ਹੈ) ਹੇ ਭਾਈ! ਤੂੰ ਵਿਸ਼ਿਆ ਨਾਲ (ਇਤਨਾ) ਕਿਉਂ ਮਸਤ ਰਹਿੰਦਾ ਹੈ? ਤੂੰ ਅੱਖ ਝਮਕਣ ਦੇ ਸਮੇਂ ਲਈ ਭੀ ਵਿਸ਼ਿਆਂ ਤੋਂ ਚਿੱਤ ਨਹੀਂ ਹਟਾਉਂਦਾ। ਹੇ ਨਾਨਕ! ਆਖ – ਹੇ ਮਨ! ਪ੍ਰਮਾਤਮਾ ਦਾ ਭਜਨ ਕਰਿਆ ਕਰ (ਭਜਨ ਦੀ ਬਰਕਤਿ ਨਾਲ) ਜਮਾਂ ਦੀ ਫਾਹੀ ਗਲ ਵਿਚ) ਨਹੀਂ ਪੈਂਦੀ ਹੇ ਭਾਈ! (ਤੇਰੀ) ਜੁਆਨੀ ਬੇਪਰਵਾਹੀ ਵਿਚ ਲੰਘ ਗਈ, (ਹੁਣ) ਬੁਢੇਪੇ ਨੇ ਤੇਰੇ ਸਰੀਰ ਨੂੰ ਜਿੱਤ ਲਿਆ ਹੈ। ਹੇ ਨਾਨਕ! ਆਖ– ਹੇ ਮਨ! ਪ੍ਰਮਾਤਮਾ ਦਾ ਭਜਨ ਕਰਿਆ ਕਰ। ਉਮਰ ਲੰਘਦੀ ਜਾ ਰਹੀ ਹੈ।

**(ਸਟੀਕ ਸਾਹਿਬ ਸਿੰਘ ਜੀ)**

ਪ੍ਰਿੰਸੀਪਲ
ਪ੍ਰੀਤ ਮਹਿੰਦਰ ਪਾਲ ਸਿੰਘ
(ਸੇਵਾ ਮੁਕਤ)



ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਦਾ ਆਗਾਜ਼ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਰਾਹੀਂ ਹੋਇਆ ਕਿ ਪਰਮਾਤਮਾ ਇਕ ਹੈ ਤੇ ਉਸ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਵੈਸੇ ਤੇ ਪਹਿਲੀ ਪਹੁੜੀ ਵਿਚ ਹੀ ਗੁਰੂ ਸਾਹਿਬ ਨੇ ਜਦ ਸਚਿਆਰ ਬਣਨ ਦੀ ਗੱਲ ਆਖੀ ਤਾਂ ਸਾਫ਼ ਕਰ ਦਿੱਤਾ ਕਿ 'ਹੁਕਮ ਰਜਾਈ ਚਲਣਾ'। ਜਪੁਜੀ ਸਾਹਿਬ ਵਿਚ ਗੁਰੂ ਸਾਹਿਬ ਨੇ ਪ੍ਰਭੂ ਦੇ ਗੁਣ ਗਾਉਣ, ਸੁਣਨ ਅਤੇ ਮੰਨਣ ਦੀ ਗੱਲ ਵੀ ਸਾਫ਼ ਕਰ ਦਿੱਤੀ ਪਰ ਮਨੁੱਖੀ ਮਨ ਨਹੀਂ ਟਿਕਦਾ ਇਹ ਬਾਰ-ਬਾਰ ਉਸ ਪਾਸੇ ਜਾਂਦਾ ਜਿਸ ਪਾਸੇ ਇਸ ਨੂੰ ਰਸ ਪ੍ਰਾਪਤ ਹੁੰਦਾ ਭਾਵ ਚੁਗਲੀ ਨਿੰਦਿਆ ਆਦਿ ਵੱਲ। ਉਪਰੋਕਤ ਸ਼ਬਦ ਵਿਚ ਗੁਰੂ ਸਾਹਿਬ ਨੇ ਨੌਵੇਂ ਜਾਮੇ ਵਿਚ ਆ ਕੇ ਫਿਰ ਸਪੱਸ਼ਟ ਸ਼ਬਦਾਂ ਵਿਚ ਪ੍ਰਮਾਤਮਾ ਦੇ ਗੁਣ ਗਾਉਣ ਦੀ ਗੱਲ ਸਪੱਸ਼ਟ ਕੀਤੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਭਗਤਾਂ ਦੀ ਬਾਣੀ ਦਰਜ ਹੈ। ਭਗਤ ਭੀਖਨ ਜੀ ਦੇ ਦੋ ਸ਼ਬਦ ਦਰਜ ਹਨ। ਭਗਤ ਭੀਖਨ ਜੀ ਦੇ ਅਨੁਸਾਰ ਗੁਰੂ ਦੀ ਮਿਹਰ ਨਾਲ ਨਾਮ ਦੀ ਪ੍ਰਾਪਤੀ ਹੁੰਦੀ ਹੈ। ਨਾਮ ਜਪਣ ਨਾਲ ਜੋ ਅਨੰਦ ਅਤੇ ਰਸ ਪ੍ਰਾਪਤ ਹੁੰਦਾ ਹੈ ਉਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਨਾਮ ਸਿਮਰਨ ਨਾਲ ਜੀਭ ਨੂੰ ਸੁਆਦ, ਕੰਨਾਂ ਨੂੰ ਸੁਖ ਅਤੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਐਸਾ ਨਾਮ ਜਪਣ ਦੀ ਢਿੱਲ ਮੱਠ ਨਹੀਂ ਕਰਨੀ ਚਾਹੀਦੀ।

**ਰਾਗ ਸੋਰਠਿ ਬਾਣੀ ਭਗਤ ਭੀਖਨ ॥**
**ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥**
**ਰੂਧਾ ਕੰਠੁ ਸ਼ਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥**
**ਰਾਮ ਰਾਇ ਹੋਹਿ ਬੈਦ ਬਨਵਾਰੀ ॥ ਅਪਨੇ ਸੰਤਹ ਲੇਹੁ ਉਬਾਰੀ ॥ ਰਹਾਉ ॥**
**ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥**
**ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਦੁ ਨਾਹੀ**
**ਹਰਿ ਕਾ ਨਾਮੁ ਅੰਮ੍ਰਿਤ ਜਨੁ ਨਿਰਮਲੁ ਇਹੁ ਅਉਖਦੁ ਜਗਿ ਧਾਰਾ ॥**

**ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਹਿ ਮੋਖ ਦੁਆਰਾ ॥**(ਪੰਨਾ 659)

ਭਗਤ ਭੀਖਣ ਜੀ ਪ੍ਰਭੂ ਚਰਨਾਂ ਵਿਚ ਬੇਨਤੀ ਕਰਦੇ ਹਨ ਕਿ ਆਪਣੇ ਸੇਵਕਾਂ ਨੂੰ ਤੁਸੀਂ ਦੁਖਾਂ ਤੋਂ ਛੁਟਕਾਰਾ ਦੁਆ ਸਕਦੇ ਹੋ। ਹੇ ਪ੍ਰਭੂ ! ਬੁਢੇਪੇ ਵਿਚ ਸਿਰ ਪੀੜ, ਸਰੀਰ ਵਿਚ ਜਲਣ, ਕਲੇਜੇ ਵਿਚ ਦਰਦ ਹੋਣ ਲੱਗ ਜਾਂਦੀ ਹੈ। ਆਪ ਤੋਂ ਬਿਨਾਂ ਹੋਰ ਕੋਈ ਛੁਟਕਾਰਾ ਨਹੀਂ ਦਵਾ ਸਕਦਾ ਕਿਉਂਕਿ ਬੁਢੇਪੇ ਦੇ ਰੋਗ ਤੋਂ ਬਚਣ ਲਈ ਕੋਈ ਦਵਾਈ ਨਹੀਂ ਹੈ। ਹੇ ਪ੍ਰਭੂ ! ਆਪ ਜੀ ਦਾ ਪਵਿੱਤਰ ਨਾਮ ਹੀ ਸਾਰਿਆਂ ਰੋਗਾਂ ਦਾ ਦਾਰੂ ਹੈ। ਨਾਮ ਦਾ ਪੱਲਾ ਫੜ ਕੇ ਹੀ ਮੈਂ ਮੁਕਤੀ ਦੇ ਦਰਵਾਜ਼ੇ ਵਿਚੋਂ ਲੰਘ ਜਾਵਾਂਗਾ।

ਭਗਤ ਤ੍ਰਿਲੋਚਨ ਜੀ ਦੇ ਵਿਚਾਰ ਵੀ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਉਹ ਕਹਿੰਦੇ ਹਨ।

**ਗੂਜਰੀ ਸ੍ਰੀ ਤ੍ਰਿਲੋਚਨ ਜੀ ॥**

**ਅੰਤਰ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥**

**ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥**

**ਭਰਮੈ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥ ਰਹਾਉ ॥**

**ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥**

**ਭੂਮਿ ਮਸਾਣ ਕੀ ਭਸਮ ਲਾਗਈ ਗੁਰ ਬਿਨੁ ਤਤੁ ਨ ਪਾਇਆ ॥**

**ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥**

**ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥**

**ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥**

**ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥**(ਪੰਨਾ 526)

ਪ੍ਰਭੂ ਸਿਮਰਨ ਨੂੰ ਇਕ ਪਾਸੇ ਰੱਖ ਕੇ ਉਦਾਸੀ ਭੇਖ ਧਾਰ ਕੇ, ਘਰ-ਘਰ ’ਚੋਂ ਮੰਗ ਕੇ ਖਾਣ ਦਾ, ਮਸਾਣਾ ਦੀ ਸਵਾਹ ਮਲਣ ਨਾਲ, ਧੂਣੀਆਂ ਤਪਣ ਨਾਲ, ਮੁੰਦਰਾਂ ਪਹਿਨਣ ਦਾ ਕੋਈ ਲਾਭ ਨਹੀਂ ਪ੍ਰਭੂ ਸਿਮਰਨ ਤੋਂ ਬਿਨਾਂ ਕੁਝ ਪ੍ਰਾਪਤ ਨਹੀਂ ਹੋ ਸਕਦਾ।

ਭਗਤਾ ਵਿਚੋਂ ਭਗਤ ਜੈ ਦੇਵ ਜੀ ਦਾ ਸ਼ਬਦ ਵੀ ਪ੍ਰਭੂ ਸਿਮਰਨ ਕਰਣ ਤੇ ਜ਼ੋਰ ਦਿੰਦਾ ਹੈ। ਇਕ ਅਕਾਲ ਪੁਰਖ ਦੀ ਅਰਾਧਨਾ ਦੁਆਰਾ ਹੀ ਪ੍ਰਮਾਤਮਾ ਨਾਲ ਨੇੜਤਾ ਪ੍ਰਾਪਤ ਹੋ ਸਕਦੀ ਹੈ।

**ਗੁਜਰੀ ਸ੍ਰੀ ਜੈਦੇਵ ਜੀਉ ॥**

**ਪਰਮਾਦਿ ਪੁਰਖਮਨੋਧਿਮੰ ਸਤਿ ਆਦਿ ਭਾਵ ਰਤੰ ॥**

**ਪਰਮਦਭੁਤੰ ਪਰਕ੍ਰਿਤਿ ਪਰੰ ਜਦਿ ਚਿੰਤਿ ਸਰਬ ਗਤੰ ॥**

**ਕੇਵਲ ਰਾਮ ਨਾਮ ਮਨੋ ਰਮੰ ॥ ਬਦ ਅੰਮ੍ਰਿਤ ਤਤ ਮਇਅੰ ॥**(ਅੰਗ 526)

ਭਗਤ ਜੀ ਕਹਿੰਦੇ ਹਨ ਕਿ ਰਾਮ ਦਾ ਨਾਮ ਜੋ ਸਭ ਨੂੰ ਮੋਹਣ ਵਾਲਾ ਹੁੰਦਾ ਹੈ, ਜੋ ਅੰਮ੍ਰਿਤ ਰੂਪ ਅਤੇ ਤਤ ਸਰੂਪ ਹੈ ਉਸ ਦਾ ਸਿਮਰਨ ਕਰੋ।

ਭਗਤ ਸੈਣ ਜੀ ਵੀ ਧਨਾਸਰੀ ਰਾਗ ਵਿਚ ਉਚਾਰੇ ਸ਼ਬਦ ਰਾਹੀਂ ਦਰਸਾਉਂਦੇ ਹਨ ਕਿ ਪ੍ਰਭੂ ਨੂੰ ਵਿਖਾਵਾ ਪਸੰਦ ਨਹੀਂ ਸਗੋਂ ਪਿਆਰ ਵਿਚ ਭਿਜ ਕੇ ਨਾਮ ਜਪਣ ਦੀ ਲੋੜ ਹੈ।

**ਧਨਾਸਰੀ ਸ੍ਰੀ ਸੈਣ ਜੀ ॥**

**ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੈ ਜਾਉ ਕਮਲਾ ਪਤੀ ॥**

**ਮੰਗਲਾ ਹਰਿ ਮੰਗਲਾ ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥ ਰਹਾਉ ॥**

**ਊਤਮ ਦੀਅਰਾ ਨਿਰਮਲ ਬਾਤੀ ॥ ਤੁੰਹੀ ਨਿਰੰਜਨੁ ਕਮਲਾ ਪਾਤੀ ॥**

**ਰਾਮਾ ਭਗਤਿ ਰਾਮਾ ਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥**

**ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ ਸੈਨ ਭਣੈ ਭਜੁ ਪਰਮਾਨੰਦੇ ॥**(ਅੰਗ 695)

ਗੁਰੂ ਰਾਮਦਾਸ ਜੀ ਦਾ ਬਚਨ ਹੈ।

**ਜਿਥੈ ਹਰਿ ਅਰਾਧੀਐ ਤਿਥੈ ਹਰਿ ਮਿਤੁ ਸਹਾਈ ॥**(ਪੰਨਾ 733)

ਜਿਹੜਾ ਮਨੁੱਖ ਪ੍ਰਭੂ ਦੀ ਚਿੱਤ ਵਿਚ ਟੇਕ ਰੱਖ ਕੇ ਉਸ ਦੀ ਅਰਾਧਨਾ ਕਰਦਾ ਹੈ ਮਾਲਕ ਪ੍ਰਭੂ ਉਸ ਦੀ ਲਾਜ ਰੱਖ ਲੈਂਦਾ ਹੈ।

ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਨੂੰ ਜਦੋਂ ਪਤਾ ਚੱਲਿਆ ਕਿ ਪ੍ਰਿਥੀਚੰਦ ਸੁਲਹੀ ਖਾਂ ਨਾਲ ਮਿਲ ਗਿਆ ਹੈ ਤਾਂ ਹੀ ਸੁਲਹੀ ਖਾਂ ਗੁਰੂ ਜੀ ਨੂੰ ਚਿੱਠੀ ਪੱਤਰ ਰਾਹੀਂ ਧਮਕਾ ਰਿਹਾ ਹੈ। ਉਸ ਸਮੇਂ ਬੇਸ਼ੱਕ ਗੁਰੂ ਜੀ ਨੇ ਇਹ ਮਸਲਾ ਸਿੱਖਾਂ ਨਾਲ ਵਿਚਾਰਿਆ ਪਰ ਅੰਤ ਵਿਚ ਜੋ ਨਿਰਣਾ ਲਿਆ ਕਿ ਸਿਰਫ਼

ਉਸ ਅਕਾਲ ਪੁਰਖ ਦੀ ਅਰਾਧਨਾ ਹੀ ਸਹਾਰਾ ਬਣੇਗੀ।

**ਪ੍ਰਥਮੇ ਮਤਾ ਜਿ ਮਤ੍ਰੀ ਚਲਾਵਉ ॥**
**ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥**
**ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥**
**ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥(ਆਸਾ ਮਹਲਾ 5, ਪੰਨਾ 371)**

ਗੁਰੂ ਰਾਮਦਾਸ ਜੀ ਦੇ 679 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਗਾਉੜੀ ਰਾਗ ਵਿਚ ਸ਼ਬਦ ਰਚ ਕੇ ਇਕ ਗੁਰਸਿੱਖ ਦੀ ਨਿੱਤ ਕਰਮ ਨੂੰ ਇਸ ਸ਼ਬਦ ਰਾਹੀਂ ਦਰਸਾਇਆ ਹੈ।

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮ ਧਿਆਵੈ ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥(ਮਹਲਾ 4, ਪੰਨਾ 305-06)**

ਪ੍ਰਭੂ ਸਿਮਰਨ ਕਰਨ ਲੱਗਿਆਂ ਢਿਲ ਨਹੀਂ ਕਰਨੀ ਚਾਹੀਦੀ, ਪਤਾ ਨਹੀਂ ਅਗਲਾ ਸਵਾਸ ਆਉਣਾ ਕਿ ਨਹੀਂ ਆਉਣਾ ਕਿਉਂਕਿ ਹਮ ਆਦਮੀ ਹਾਂ ਇਕ ਦਮੀ।

**ਹਰਿ ਜਪਦਿਆ ਖਿਨੁ ਢਿਲ ਨਾ ਕੀਜਈ ਮੇਰੀ ਜਿੰਦੁੜੀਏ ॥**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥(ਬਿਹਾਗੜਾ ਮਹਲਾ 4, ਪੰਨਾ 540)**

ਨਾਮ ਨੂੰ ਕਿਸੇ ਹਾਲਤ ਵਿਚ ਵਿਸਾਰਨਾ ਨਹੀਂ, ਪ੍ਰਭੂ ਅਰਾਧਨਾ ਹੀ ਜ਼ਿੰਦਗੀ ਦਾ ਲਕਸ਼ ਹੈ। ਜਿਹੜੇ ਲੋਕ ਨਾਮ ਨੂੰ ਵਿਸਾਰ ਕੇ ਜਿਊਂਦੇ ਹਨ ਉਹ ਅਕਾਰਥ ਜੀਵਨ ਬਰਬਾਦ ਕਰਕੇ ਤੁਰ ਜਾਂਦੇ ਹਨ।

**ਰਤੇ ਇਸ਼ਕ ਖੁਦਾਇ ਰੰਗ ਦੀਦਾਰ ਕੇ ॥**
**ਵਿਸਰਿਆ ਜਿਨੁ ਨਾਮੁ ਤੇ ਭੁਇ ਭਾਰ ਥੀਏ ॥(ਅੰਗ 488)**

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।


2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

5 ਨਵੰਬਰ ਅਵਤਾਰ ਪੁਰਬ ’ਤੇ ਵਿਸ਼ੇਸ਼

# ਸਮਾਜ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ



ਜਦ ਸੱਚ ਦਾ ਸੂਰਜ ਚੜ੍ਹਦਾ ਹੈ ਤਾਂ ਝੂਠ ਦੀ ਪਰਤ ਉੱਤਰ ਜਾਂਦੀ ਹੈ। ਜਿੰਨੇ ਮਰਜ਼ੀ ਬੱਦਲ ਗੱਜਣ ਅਸਮਾਨ ਤੇ ਹਨ੍ਹੇਰਾ ਹੋ ਜਾਵੇ ਇਕ ਰੋਸ਼ਨੀ ਦੀ ਕਿਰਨ ਸੂਰਜ ਦੀ ਜਦੋਂ ਪੈ ਜਾਂਦੀ ਹੈ ਤਾਂ ਸਭ ਨੂਰ ਹੀ ਨੂਰ ਹੋ ਜਾਂਦਾ ਹੈ, ਲੋਕ ਸੁੱਖੀ ਹੋ ਜਾਂਦੇ ਹਨ। ਐਸੀ ਪਵਿੱਤਰ ਆਤਮਾ ਨੇ 15 ਅਪ੍ਰੈਲ 1469 ਈ. ਨੂੰ ਤਲਵੰਡੀ ਸ਼ੇਖ਼ੂਪੁਰਾ ਨਨਕਾਣਾ ਸਾਹਿਬ, ਪੰਜਾਬ ਜੋ ਮੌਜੂਦਾ ਪਾਕਿਸਤਾਨ ਵਿੱਚ ਹੈ, ਵਿਖੇ ਜਨਮ ਲਿਆ। ਮਾਂ-ਬਾਪ ਨੇ ਨਾਮ ਨਾਨਕ ਰੱਖ ਦਿੱਤਾ। ਪਿਤਾ ਮਹਿਤਾ ਕਾਲੂ ਪਟਵਾਰੀ ਸਨ ਤੇ ਕਿੱਤਾ ਖੇਤੀਬਾੜੀ ਕਰਦੇ ਸਨ। ਆਪ ਜੀ ਬਚਪਨ ਵਿੱਚ ਹੀ ਪ੍ਰਭੂ ਭਗਤੀ ਵਿਚ ਲੀਨ ਸਨ ਲੋਕਾਈ ਨੂੰ ਉਪਦੇਸ਼ ਦੇਣ ਆਏ ਸਨ ‘ਨਾ ਕੋਈ ਹਿੰਦੂ ਨਾ ਮੁਸਲਮਾਨ’ ਸਭ ਹਨ ਉਸ ਦੀ ਸੰਤਾਨ। ਪੰਡਿਤ ਗੋਪਾਲ ਦਾਸ ਪਾਸ ਪਾਠ ਪੜ੍ਹਨੇ ਪਾਇਆ ਆਪ ਉਸ ਨੂੰ ਹੀ ਪੜ੍ਹਾ ਆਏ। ਪੰਡਿਤ ਬ੍ਰਿਜ ਲਾਲ ਤੋਂ ਸੰਸਕ੍ਰਿਤ ਭਾਸ਼ਾ ਸਿਖੀ, ਮੌਲਵੀ ਕੁਤਬਦੀਨ ਪਾਸੋਂ ਫਾਰਸੀ ਦੀ ਸਿੱਖਿਆ ਲਈ। 20 ਰੁਪਏ ਦੇ ਪੈਸਿਆਂ ਨਾਲ ਪ੍ਰਭੂ ਭਗਤੀ ਵਿਚ ਲੀਨ ਸੰਤਾਂ ਨੂੰ ਭੋਜਨ ਛਕਾਇਆ ਤੇ ਸੱਚ ਦਾ ਵਪਾਰ ਕੀਤਾ।

ਗੁਰੂ ਨਾਨਕ ਸਾਹਿਬ ਦੇ ਸਮੇਂ ਖੇਤੀ ਨੂੰ ਘਟੀਆ ਧੰਦਾ ਮੰਨਿਆ ਜਾਂਦਾ ਸੀ। ਖੇਤੀ ਕਰਨ ਵਾਲੇ ਜਗੀਰਦਾਰਾਂ ਦੇ ਗ਼ੁਲਾਮ ਸਮਝੇ ਜਾਂਦੇ ਸਨ। ਗੁਰੂ ਸਾਹਿਬ ਨੇ ਕੇਵਲ ਆਪ ਖੇਤੀ ਕੀਤੀ, ਸਗੋਂ ਖੇਤੀ ਨੂੰ ਸਭ ਤੋਂ ਉੱਤਮ ਧੰਦਾ ਆਖਿਆ। ਅਜਿਹਾ ਕਰ ਕੇ ਉਨ੍ਹਾਂ ਨੇ ਖੇਤੀ ਇਨਕਲਾਬ ਦੀ ਨੀਂਹ ਰੱਖੀ ਤਾਂ ਜੋ ਸੰਸਾਰ ਵਿਚੋਂ ਭੁੱਖਮਰੀ ਨੂੰ ਦੂਰ ਕੀਤਾ ਜਾ ਸਕੇ। ਆਖਿਆ ਜਾਂਦਾ ਹੈ ਕਿ ਜਦੋਂ ਗੁਰੂ ਸਾਹਿਬ ਲੱਦਾਖ ਗਏ ਤਾਂ ਉਥੇ ਭੁੱਖਮਰੀ ਪਈ ਹੋਈ ਸੀ। ਗੁਰੂ ਜੀ ਨੇ ਉਥੋਂ ਦੇ ਲੋਕਾਂ ਨੂੰ ਚੌਲਾ ਦੀ ਖੇਤੀ ਕਰਨ ਦੀ ਨਾ ਕੇਵਲ ਜਾਂਚ ਸਿਖਾਈ ਸਗੋਂ ਖੇਤੀ ਕਰਨ ਲਈ ਉਤਸ਼ਾਹਿਤ ਭੀ ਕੀਤਾ। ਖੇਤੀ ਅਜਿਹਾ ਧੰਦਾ ਹੈ, ਜਿਸ ਦਾ ਕਰਤਾ ਆਪਣੇ ਆਪ ਗੁਰੂ ਨਾਨਕ ਸਾਹਿਬ ਵੱਲੋਂ ਬਖ਼ਸ਼ੇ ‘ਨਾਮ ਜਪਣ, ਕਿਰਤ ਕਰਨੀ ਤੇ ਵੰਡ ਛਕਣ’ ਵਾਲੇ ਅਸੂਲਾਂ ਦਾ ਧਾਰਨੀ ਹੋ ਜਾਂਦਾ ਹੈ। ਕਿਸਾਨ ਹੱਡ ਤੋੜਵੀਂ ਤੇ ਸੁੱਚੀ ਕਿਰਤ ਕਰਦਾ ਹੈ। ਉਸ ਦੀ ਕਿਰਤ ਵਿਚ ਕਿਤੇ ਵੀ ਕੂੜ ਨਹੀਂ ਹੈ। ਕਿਸਾਨ ਆਪਣਾ ਹੀ ਨਹੀਂ ਸਗੋਂ ਸਾਰੀ ਲੋਕਾਈ ਦਾ ਢਿੱਡ ਭਰਦਾ ਹੈ। ਉਸ ਦੇ ਦਰੋਂ ਕਦੇ ਕੋਈ ਖਾਲੀ ਨਹੀਂ ਗਿਆ। ਇਹ ਕਿਸਾਨ ਹੀ ਹੈ ਜਿਹੜਾ ਆਪਣੇ ਖੇਤਾਂ ’ਚ ਕੰਮ ਕਰਦਾ ਹੈ ਤੇ ਨਾਲ ਹੀ ਪ੍ਰਭੂ ਦਾ ਨਾਮ ਵੀ ਜਪਦਾ ਹੈ। ਗੁਰੂ ਜੀ ਨੇ ਲੋਕਾਈ ਨੂੰ ਖੇਤੀ ਕਰਨ ਵਲ ਪ੍ਰੇਰਿਆ ਤਾਂ ਜੋ ਸੰਸਾਰ ’ਚੋਂ ਭੁੱਖ-ਦੁੱਖ ਦੂਰ ਹੋ ਸਕੇ। ਕਿਰਤ ਕਰਨ ਤੇ ਵੰਡ ਛਕਣ ਦੀ ਸਿੱਖੀ ਵਿਚ ਵਿਸ਼ੇਸ਼ ਮਹੱਤਤਾ ਹੈ। ਗੁਰੂ ਸਾਹਿਬ ਨੇ ਕਿਰਤੀ ਨੂੰ ਸਤਿਕਾਰ ਦੇ ਕੇ ਉਸ ਨੂੰ ਮਹਾਨਤਾ ਬਖ਼ਸ਼ੀ, ਸਿੱਖਾਂ ਨੂੰ ਬਰਾਬਰ ਦਾ ਸਬਕ ਸਿਖਾਇਆ


**ਮਹਿੰਦਰ ਸਿੰਘ**
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535




ਤੇ ਜਦੋਂ ਬਰਾਬਰੀ ਦੀ ਭਾਵਨਾ ਜਾਗ ਪਵੇ ਤਾਂ ਤੁਹਾਨੂੰ ਕਿਸੇ ਦੇ ਤਰਸ ਦਾ ਪਾਤਰ ਨਹੀਂ ਬਣਨ ਦਿੰਦੀ। ਇਹ ਭਾਵਨਾ ਸਾਨੂੰ ਮਾਨਸਿਕ ਤੌਰ ’ਤੇ ਜ਼ਿੰਮੇਵਾਰ ਤੇ ਉੱਦਮੀ ਬਣਾਉਂਦੀ ਹੈ। ਸਿੱਖ ਧਰਮ ਨੇ ਲੋਕਾਂ ਅੰਦਰ ਬਹਾਦਰੀ, ਉੱਦਮ ਤੇ ਸ਼ਕਤੀ ਭਰੀ। ਲੋਕਾਂ ਦੇ ਚਿੰਤਨ ਨੂੰ ਹਾਂ-ਮੁਖੀ ਤੇ ਜੀਵਨ ਪੱਖੀ ਬਣਾਉਣ ਵਿਚ ਸਿੱਖੀ ਦਾ ਵੱਡਾ ਯੋਗਦਾਨ ਹੈ।

ਗੁਰੂ ਜੀ ਨੇ ਆਸਾ ਦੀ ਵਾਰ ਵਿਚ ਇਸਤਰੀ ਪੁਰਸ਼ ਦੀ ਬਰਾਬਰੀ ਦੀ ਗੱਲ ਕੀਤੀ, ਜਿਨ੍ਹਾਂ ਨਾਲ ਸਮਾਜ ਦੀ ਹੋਂਦ ਹੈ, ਔਰਤ ਜਗ ਜਣਨੀ ਹੈ, ਉਹ ਸਤਿਕਾਰਯੋਗ ਹੈ। ਉਨ੍ਹਾਂ ਤੋਂ ਬਾਅਦ ਗੁਰੂ ਸਾਹਿਬਾਨ ਨੇ ਸਤੀ ਪ੍ਰਥਾ ਤੇ ਪਰਦੇ ਦੀ ਰਸਮ ਦੇ ਵਿਰੋਧ ਤੇ ਵਿਧਵਾ ਵਿਆਹ ਦੇ ਹੱਕ ’ਚ ਆਵਾਜ਼ ਬੁਲੰਦ ਕੀਤੀ, ਜਿਸ ਨਾਲ ਸਮਾਜ ਵਿਚ ਔਰਤ ਨੂੰ ਰੁਤਬਾ ਤੇ ਮਾਣ-ਸਨਮਾਨ ਵਧਿਆ। ਗੁਰੂ ਨਾਨਕ ਦੇਵ ਦੀ ਨੇ ਸਮਾਜ ਸੁਧਾਰ ਲਈ ਫ਼ਾਲਤੂ ਰਸਮਾਂ-ਰਿਵਾਜ਼ਾਂ ਦਾ ਵਿਰੋਧ ਕੀਤਾ, ਜਿਵੇਂ ਜਨੇਊ ਪਾਉਣਾ, ਸੂਤਕ-ਪਾਤਕ ਤੇ ਸ਼ਰਾਧ ਕਰਨੇ ਆਦਿ। ਇਸੇ ਤਰ੍ਹਾਂ ਸ਼ਰਾਧ ਕਰਨ ਤੇ ਸੁੱਚ-ਭਿੱਟ ਦੇ ਵਹਿਮਾਂ ਬਾਰੇ ਵੀ ਉਨ੍ਹਾਂ ਨੇ ਲੋਕਾਈ ਦਾ ਮਾਰਗ ਦਰਸ਼ਨ ਕੀਤਾ ਕਿ ਜੇ ਠੱਗੀਆਂ, ਚੋਰੀਆਂ ਕਰ ਕੇ ਪਿੱਤਰਾਂ ਦੇ ਸ਼ਰਾਧ ਕਰਨੇ ਹਨ ਤਾਂ ਕੀ ਲਾਭ?

ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਲੋਕਾਂ ’ਤੇ ਵੀ ਵਿਅੰਗ ਕੀਤਾ, ਜੋ ਦੂਸਰਿਆਂ ਦੀ ਲੁੱਟ-ਖਸੁੱਟ ਕਰ ਕੇ ਐਸ਼ ਕਰਦੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਕਿਰਤ ਦੀ ਕੋਈ ਮਹੱਤਤਾ ਨਹੀਂ। ਗੁਰੂ ਸਾਹਿਬ ਦਾ ਸਮਾਜਵਾਦ ਅਜਿਹਾ ਸੀ, ਜਿਸ ਵਿਚ ਸਾਰਿਆਂ ਨੂੰ ਬਰਾਬਰੀ ਦਾ ਅਧਿਕਾਰ ਹੋਵੇ ਤੇ ਹੱਥੀਂ ਕਿਰਤ ਕਰ ਕੇ ਵੰਡ ਛਕਣ। ਉਨ੍ਹਾਂ ਨੇ ਆਪ ਬਚਪਨ ਵਿਚ ਮੱਝਾਂ ਚਾਰੀਆਂ, ਮੋਦੀਖ਼ਾਨੇ ਦੀ ਨੌਕਰੀ ਕੀਤੀ ਤੇ ਆਖ਼ਰੀ ਉਮਰੇ ਕਰਤਾਰਪੁਰ ਵਿਖੇ ਖੇਤੀਬਾੜੀ ਕੀਤੀ। ਉਹ ਗ਼ਰੀਬਾਂ ਦੇ ਹਮਦਰਦ ਸਨ, ਇਹੀ ਕਾਰਨ ਸੀ ਕਿ ਉਨ੍ਹਾਂ ਨੇ ਮਲਕ ਭਾਗੋ ਦਾ ਭੋਜਨ ਛੱਡ ਕੇ ਭਾਈ ਲਾਲੋ ਦੀ ਕਿਰਤ ਕਮਾਈ ਦੀ ਰੋਟੀ ਖਾਧੀ। ਉਨ੍ਹਾਂ ਦੱਸਿਆ ਕਿ ਦਸਾਂ ਨਹੁੰਆਂ ਦੀ ਕਿਰਤ ਮਨੁੱਖ ਨੂੰ ਸਬਰ ਸੰਤੋਖ ਵਾਲਾ ਬਣਾ ਦਿੰਦੀ ਹੈ।

ਭਾਈ ਮਰਦਾਨਾ ਜੀ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਸਮੇਂ ਉਨ੍ਹਾਂ ਦੇ ਨਾਲ ਰਹੇ। ਉਨ੍ਹਾਂ ਨੇ ਕਿਰਤੀ ਮਿਸਤਰੀ ਭਾਈ ਲਾਲੋ ਤੇ ਝੰਡਾ, ਹਸੋ ਲੁਹਾਰ ਤੇ ਸ਼ਿਹਾਨ ਦਰਜੀ ਨੂੰ ਮਾਨਤਾ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਨੂੰ ਭਾਗ ਲਾਏ ਤੇ ਆਪਣੇ ਸਮੇਂ ਦੌਰਾਨ ਲੋਧੀ ਰਾਜ, ਮੁਗ਼ਲਾਂ ਤੇ ਸ਼ੇਰ ਸ਼ਾਹ ਸੂਰੀ ਦੀ ਆਮਦ ਵੇਖੀ ਤੇ ਇਸ ਸਮੇਂ ਦੌਰਾਨ ਜੋ ਜ਼ੁਲਮ ਕਮਜ਼ੋਰ ਜਨਤਾ ’ਤੇ ਹੋਏ, ਉਹ ਸਹਿਣ ਨਾ ਕਰ ਸਕੇ ਤੇ ਰਾਜਿਆਂ ਨੂੰ ਬੁੱਚੜ ਤੇ ਕਸਾਈ ਤਕ ਕਹਿਣ ਤੋਂ ਗੁਰੇਜ਼ ਨਾ ਕੀਤਾ। ਬਾਬਰ ਨੇ ਜਦੋਂ ਐਮਨਾਬਾਦ ਵਿਖੇ ਲੁੱਟ ਮਚਾਈ, ਔਰਤਾਂ ਤੇ ਬੱਚਿਆਂ ’ਤੇ ਜ਼ੁਲਮ ਕੀਤਾ ਤਾਂ ਬਾਬਾ ਜੀ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਉਨ੍ਹਾਂ ਨੇ ਬਾਬਰ ਨੂੰ ਨਸੀਹਤ ਦਿੱਤੀ ਕਿ ਜੇ ਪੱਕੇ ਪੈਰੀਂ ਰਾਜ ਕਰਨਾ ਹੈ ਤਾਂ ਲੋਕਾਂ ਦੇ ਦਿਲ ਜਿੱਤੇ।

ਗੁਰੂ ਜੀ ਨੇ ਸੱਜਣ ਠੱਗ, ਮਲਕ ਭਾਗੋ, ਚਤੁਰ ਦਾਸ, ਬਨਾਰਸ ਦੇ ਬ੍ਰਾਹਮਣਾਂ, ਕੌਡੇ ਰਾਕਸ਼ਸ਼, ਨੂਰ ਸ਼ਾਹ, ਕਾਮਰੂਪ ਦੀ ਰਾਣੀ, ਬਗ਼ਦਾਦ ਦੇ ਪੀਰ ਦਸਤਗੀਰ ਤੇ ਮੱਕੇ ਦੇ ਕਾਜ਼ੀ ਆਦਿ ਨੂੰ ਰਾਹੇ ਪਾਇਆ।

ਉਨ੍ਹਾਂ ਨੇ ਆਪਣੇ ਸੇਵਕ ਭਾਈ ਲਾਲੋ ਜੀ ਨੂੰ ਪਹਿਲੀ ਮੰਜੀ ਬਖ਼ਸ਼ੀ ਤਾਂ ਕਿ ਉੱਤਰੀ ਭਾਰਤ ਵਿਚ ਸਿੱਖੀ ਅਤੇ ਭਰਾਤਰੀ ਭਾਵ ਦਾ ਪ੍ਰਚਾਰ ਹੋ ਸਕੇ।

ਗੁਰੂ ਸਾਹਿਬ ਦੀ ਵਡਿਆਈ ਦੀ ਹੋਰ ਵੱਡੀ ਮਿਸਾਲ ਕੀ ਹੋ ਸਕਦੀ ਹੈ ਕਿ ਉਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਅੰਨਿਨ ਸੇਵਕ ਭਾਈ ਲਹਿਣੇ ਨੂੰ ਅੰਗੀਕਾਰ ਕੀਤਾ ਤੇ ‘ਅੰਗਦ’ ਨਾਮ ਦਿੱਤਾ ਤੇ ਉਨ੍ਹਾਂ ਨੂੰ ਗੁਰਗੱਦੀ ਦਾ ਵਾਰਿਸ ਥਾਪਿਆ।

ਗੁਰੂ ਜੀ ਨੇ ਦੇਸ਼-ਦੁਨੀਆ ਦੇ ਕੋਨੇ-ਕੋਨੇ ’ਚ ਜਾ ਕੇ ਲਗਪਗ 38 ਹਜ਼ਾਰ ਮੀਲ ਦੀ ਪੈਦਲ ਯਾਤਰਾ ਕੀਤੀ ਤੇ ਭੁੱਲੇ ਭਟਕੇ ਲੋਕਾਂ ਦਾ ਮਾਰਗ ਦਰਸ਼ਨ ਕੀਤਾ।

ਉਦਾਸੀਆਂ ਤੋਂ ਬਾਅਦ ਗੁਰੂ ਸਾਹਿਬ ਨੇ ਕਰਤਾਰਪੁਰ ਸਾਹਿਬ ਵਿਖੇ ਟਿਕਾਣਾ ਕੀਤਾ ਤੇ ਖੇਤੀਬਾੜੀ ਕੀਤੀ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਾਣੀਆਂ ਜਪੁਜੀ, ਆਸਾ ਦੀ ਵਾਰ, ਓਂਕਾਰ, ਸਿਧ ਗੋਸਟਿ, ਬਾਰਹਮਾਹ, ਅਲਾਹੁਣੀਆਂ ਤੇ ਘੋੜੀਆਂ ਦੀ ਰਚਨਾ ਮਾਤ ਭਾਸ਼ਾ ਪੰਜਾਬੀ ’ਚ ਕੀਤੀ, ਜੋ ਬਾਅਦ ਵਿਚ ਗੁਰਮੁਖੀ ਕਹਾਈ। ਉਨ੍ਹਾਂ ਦਾ ਮਕਸਦ ਸੀ ਆਪਣੇ ਸਿਧਾਂਤ, ਵਿਚਾਰ, ਉਪਦੇਸ਼ ਲੋਕਾਈ ਤਕ ਆਸਾਨ ਰੂਪ ’ਚ ਪਹੁੰਚਦੇ ਕੀਤੇ ਜਾਣ। ਗੁਰੂ ਸਾਹਿਬ ਨੇ ਉਸ ਵਰਗ ਨੂੰ ਪੰਜਾਬੀ ਭਾਸ਼ਾ ਪੜ੍ਹਨ ਦੀ ਖੁੱਲ੍ਹ ਦਿੱਤੀ ਤੇ ਆਮ ਲੋਕਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ। ਆਉ ਗੁਰੂ ਸਾਹਿਬ ਜੀ ਦੇ ਅਵਤਾਰ ਪੁਰਬ ’ਤੇ ਉਨ੍ਹਾਂ ਦੀਆਂ ਸਿੱਖਿਆ ’ਤੇ ਚੱਲਣ ਦਾ ਯਤਨ ਕਰੀਏ ਤਾਂ ਜੋ ਜੀਵਨ ਸਫਲਾ ਹੋ ਸਕੇ।

● ● ●

**ਮਾਂ ਦੀ ਹਰ ਲੋੜ ਨੂੰ ਠੁਕਰਾਅ ਕੇ ਅਤੇ ਪਿਤਾ ਨੂੰ ਨਜ਼ਰਅੰਦਾਜ਼ ਕਰਕੇ, ਜੋ ਮਨੁੱਖ ਦਾਨ ਪੁੰਨ ਕਰਦਾ ਹੈ, ਉਹ ਦਾਨੀ ਨਹੀਂ ਬੇਈਮਾਨ ਹੈ।**

**ਭਾਈ ਵੀਰ ਸਿੰਘ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼**

# ਭਾਈ ਵੀਰ ਸਿੰਘ ਜੀ ਦਾ ਪਰਿਵਾਰਕ ਪਿਛੋਕੜ




ਭਾਈ ਵੀਰ ਸਿੰਘ ਜੀ ਦੇ ਪਰਿਵਾਰਕ ਪਿਛੋਕੜ ਦੀ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਆਪ ਜੀ ਦੀਵਾਨ ਕੌੜਾ ਮੱਲ ਜੀ ਦੀ ਨੌਵੀਂ ਬੰਸ ਵਿੱਚੋਂ ਸਨ। ਦੀਵਾਨ ਕੌੜਾ ਮੱਲ ਜੀ ਦਾ ਜਨਮ ਸੰਨ ੧੭੧੦ ਈ. 'ਚ ਹੋਇਆ ਸੀ। ਮੁੱਢਲੀ ਵਿੱਦਿਆ ਹਾਸਲ ਕਰਕੇ ਤੇ ਫਾਰਸੀ ਭਾਸ਼ਾ ਦਾ ਗਿਆਨ ਹਾਸਲ ਕਰਕੇ, ਆਪ ਜੀ ਨੇ ਮੁਗਲ ਫੌਜ 'ਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਸੰਨ ੧੭੪੮ ਈ. 'ਚ, ਮੀਰ ਮੰਨੂ ਨੂੰ ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਥਾਪਿਆ ਗਿਆ। ਮੀਰ ਮੰਨੂ ਨੇ ਗੱਦੀ 'ਤੇ ਬੈਠਦਿਆਂ ਹੀ ਦੀਵਾਨ ਲਖਪਤ ਰਾਇ ਨੂੰ ਕੈਦ ਕਰਕੇ, ਕੌੜਾ ਮੱਲ ਨੂੰ ਆਪਣਾ ਨਾਇਬ ਮੁਕੱਰਰ ਕਰ ਦਿੱਤਾ। ਇੰਝ ਕੌੜਾ ਮੱਲ ਜੀ ਸਿਪਾਹੀ ਦੀ ਹੈਸੀਅਤ 'ਚ ਭਰਤੀ ਹੋ ਕੇ, ਲਾਹੌਰ ਸੂਬੇ ਦੇ ਦੀਵਾਨ ਦੇ ਅਹੁਦੇ ਤੱਕ ਪਹੁੰਚੇ। ਇਹ ਉਹੀ ਸਮਾਂ ਸੀ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ, ਸਿੱਖ ਬਿਖੜੇ ਸਮੇਂ 'ਚੋਂ ਲੰਘ ਰਹੇ ਸਨ। ਦੀਵਾਨ ਕੌੜਾ ਮੱਲ ਜੀ ਉਹ ਸਖਸੀਅਤ ਹੋਏ ਹਨ, ਜਿੰਨ੍ਹਾਂ ਨੇ ਮੁਗਲ ਸਲਤਨਤ ਦੇ ਰਾਜ ਵਿੱਚ, ਦੀਵਾਨ ਦੇ ਅਹੁਦੇ 'ਤੇ ਰਹਿੰਦਿਆਂ ਹੋਇਆਂ, ਉਸ ਬਿਖੜੇ ਸਮੇਂ ਦੌਰਾਨ, ਕਈ ਮੌਕਿਆਂ ' ਤੇ ਸਿੱਖਾਂ ਦਾ ਸਾਥ ਦਿੱਤਾ ਤੇ ਸਿੱਖਾਂ ਦੀ ਮਦਦ ਕੀਤੀ। ਇਤਿਹਾਸਕਾਰ ਲਿਖਦੇ ਹਨ ਕਿ ਅਗਰ ਇਸ ਬਿਖੜੇ ਸਮੇਂ 'ਚ ਦੀਵਾਨ ਕੌੜਾ ਮੱਲ ਜੀ ਸਿੱਖਾਂ ਦਾ ਸਾਥ ਨਾ ਦਿੰਦੇ ਤੇ ਸਿੱਖਾਂ ਦੀ ਮਦਦ ਨਾ ਕਰਦੇ ਤਾਂ ਸਿੱਖਾਂ ਦੀ ਭਾਰੀ ਤਬਾਹੀ ਹੋਣੀ ਸੀ। ਬਿਖੜੇ ਸਮੇਂ ਦੌਰਾਨ, ਦੀਵਾਨ ਕੌੜਾ ਮੱਲ ਜੀ ਦੁਆਰਾ ਕੀਤੀਆਂ ਗਈਆਂ ਸੇਵਾਵਾਂ ਕਾਰਨ, ਉਹਨਾਂ ਨੂੰ ਖਾਲਸੇ ਵੱਲੋਂ "ਮਿੱਠਾ ਮੱਲ" ਦਾ ਖਿਤਾਬ ਦਿੱਤਾ ਗਿਆ ਸੀ। ਮਿਤੀ ੬ ਮਾਰਚ ਸੰਨ ੧੭੫੨ ਈ. ਨੂੰ, ਅਹਿਮਦ ਸ਼ਾਹ ਅਬਦਾਲੀ ਦੀ ਫੌਜ ਨਾਲ ਜੰਗ ਲੜਦਿਆਂ ਹੋਇਆਂ, ਆਪ ਜੀ ਸ਼ਹੀਦ ਹੋ ਗਏ।


**ਪਰਮਜੀਤ ਸਿੰਘ**
**"ਸੁਚਿੰਤਨ"**
**ਲੁਧਿਆਣਾ (ਪੰਜਾਬ)**
**97791-24500**




**ਬਾਬਾ ਕਾਹਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਦਾਦਾ ਜੀ)** : ਦੀਵਾਨ ਕੌੜਾ ਮੱਲ ਜੀ ਦੀ ਬੰਸ ਵਿਚੋਂ ਹੀ ਬਾਬਾ ਕਾਹਨ ਸਿੰਘ ਜੀ ਹੋਏ ਹਨ। ਆਪ ਜੀ ਦਾ ਜਨਮ ਸੰਨ ੧੭੮੮ ਈ. ' ਚ ਜ਼ਿਲ੍ਹਾ ਜਿਹਲਮ (ਪਾਕਿਸਤਾਨ) 'ਚ ਹੋਇਆ ਸੀ। ਆਪ ਜੀ ਦਾ ਜਨਮ ਸੰਨ ੧੭੮੮ ਈ. 'ਚ ਚੌਧਰੀ ਰਾਮ ਚੰਦ ਜੀ ਦੇ ਗ੍ਰਿਹ ਵਿਖੇ ਹੋਇਆ ਸੀ। ਚੌਧਰੀ ਰਾਮ ਚੰਦ ਜੀ ਸੰਤਾਂ-ਮਹਾਂਪੁਰਖਾਂ ਦੇ ਸਤਿਸੰਗੀ ਸਨ। ਆਪ ਜੀ ਨੇ ਇੱਕ ਵਾਰ ਸੰਤਾਂ-ਮਹਾਂਪੁਰਖਾਂ ਨੂੰ ਇਹ ਬਚਨ ਦੇ ਦਿੱਤਾ ਕਿ ਜੇ ਆਪ ਜੀ ਦੇ ਗ੍ਰਿਹ ਵਿਖੇ ਪੁੱਤਰ ਹੋਇਆ ਤਾਂ ਉਸਨੂੰ ਉਹ ਸਿੱਖ ਸਜਾ ਦੇਣਗੇ। ਇੰਝ ਜਦੋਂ ਚੌਧਰੀ ਰਾਮ ਚੰਦ ਜੀ ਦੇ ਗ੍ਰਿਹ ਵਿਖੇ ਬਾਬਾ ਕਾਹਨ ਸਿੰਘ ਜੀ ਦਾ ਜਨਮ ਹੋਇਆ ਤਾਂ ਸੰਤਾਂ-ਮਹਾਂਪੁਰਖਾਂ ਨੂੰ ਦਿੱਤੇ ਬਚਨ ਦੀ ਪਾਲਣਾ ਕਰਦਿਆਂ ਹੋਇਆਂ, ਆਪ ਜੀ ਨੇ ਬਾਬਾ ਕਾਹਨ ਸਿੰਘ ਜੀ ਨੂੰ ਸਿੱਖ ਸਜਾ ਦਿੱਤਾ। ਬਾਬਾ ਕਾਹਨ ਸਿੰਘ ਜੀ ਬਚਪਨ ਤੋਂ ਹੀ ਸੰਤ-ਸੁਭਾਅ ਵਾਲੇ ਅਤੇ ਤਿਆਗ ਤੇ ਵੈਰਾਗ ਦੀ ਮੂਰਤ ਸਨ।

ਬਾਬਾ ਕਾਹਨ ਸਿੰਘ ਜੀ ਨੇ ਭਾਈ ਗੁਰਬਖ਼ਸ਼ ਸਿੰਘ ਜੀ ਪਾਸੋਂ ਅੱਖਰ ਬੋਧ ਪ੍ਰਾਪਤ ਕੀਤਾ। ਫਿਰ, ਭਾਈ ਗੁਰਬਖ਼ਸ਼ ਸਿੰਘ ਜੀ ਨੇ ਹੀ ਭਾਈ ਕਾਹਨ ਸਿੰਘ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲਾਇਆ। ਭਾਈ ਕਾਹਨ ਸਿੰਘ ਜੀ ਬਹੁਤ ਸੁਧ ਤੇ ਰਸੀਲੀ ਆਵਾਜ਼ 'ਚ ਪਾਠ ਕਰਦੇ ਹੁੰਦੇ ਸਨ। ਆਪ ਜੀ ਸੰਤ ਬਹਾਦਰ ਸ਼ਾਹ ਦੇ ਕਹਿਣ 'ਤੇ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਏ। ਇੱਥੇ ਆ ਕੇ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕੀਤੇ ਤਾਂ ਇੱਥੋਂ ਦੇ ਹੀ ਹੋ ਕੇ ਰਹਿ ਗਏ।

ਬਾਬਾ ਕਾਹਨ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੁਝ ਸਾਲ ਟਿਕੇ ਰਹੇ, ਫਿਰ, ਵੱਖ-ਵੱਖ ਥਾਵਾਂ 'ਤੇ ਵਿਚਰਨ ਲੱਗੇ। ਇੱਕ ਵਾਰ ਆਪ ਜੀ ਕਿਸੇ ਨਾਲ ਕੁੰਭ ਦੇ ਮੇਲੇ 'ਤੇ ਹਰਿਦੁਆਰ ਚਲੇ ਗਏ। ਫਿਰ, ਉਥੋਂ ਅੱਗੇ ਜੰਗਲਾਂ 'ਚ ਤੇ ਪਰਬਤਾਂ 'ਤੇ ਵਿਚਰਦੇ ਰਹੇ ਅਤੇ ਦੇਸਾਟਨ (ਵੱਖ-ਵੱਖ ਥਾਵਾਂ 'ਤੇ ਭ੍ਰਮਣ) ਕਰਦੇ ਰਹੇ। ਆਪ ਜੀ ਨੇ ਜੰਗਲਾਂ 'ਚ ਤੇ ਪਰਬਤਾਂ 'ਤੇ ਜਾ ਕੇ ਇਕਾਂਤ ਅਸਥਾਨਾਂ 'ਤੇ ਬਹੁਤ ਭਜਨ-ਬੰਦਗੀ ਕੀਤੀ। ਅਖੀਰ, ਫਿਰ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਆ ਕੇ ਟਿਕ ਗਏ। ਹੌਲੀ-ਹੌਲੀ ਆਪ ਜੀ ਦਾ

ਪਰਿਵਾਰ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆ ਗਿਆ। ਆਪ ਜੀ ਨੇ ਕਟੜਾ ਗਰਬਾ ਸਿੰਘ ਵਿਖੇ ਆਪਣੀ ਰਿਹਾਇਸ਼ ਦਾ ਪ੍ਰਬੰਧ ਕਰ ਲਿਆ। ਬਾਬਾ ਕਾਹਨ ਸਿੰਘ ਜੀ ਕਵੀ ਵੀ ਸਨ ਅਤੇ ਹਕੀਮੀ ਵੀ ਕਰਦੇ ਸਨ, ਜਿਸ ਕਾਰਨ ਆਪ ਜੀ ਦਾ ਸਮਾਜ 'ਚ ਚੰਗਾ ਰੁਤਬਾ ਬਣ ਗਿਆ ਸੀ। ਆਪ ਜੀ ਗੁਰਬਾਣੀ ਦੇ ਪ੍ਰੇਮੀ ਤੇ ਨਾਮ ਰਸੀਏ ਸਨ। ਆਪ ਜੀ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ ਵਿਦਵਾਨ ਸਨ। ਆਪ ਜੀ ਆਪਣੇ ਸਮੇਂ ਦੇ ਉੱਘੇ ਵੈਦ ਤੇ ਹਕੀਮ ਮੰਨੇ ਜਾਂਦੇ ਸਨ।

ਬਾਬਾ ਕਾਹਨ ਸਿੰਘ ਜੀ ਚਾਲ੍ਹੀ ਸਾਲਾਂ ਦੇ ਹੋ ਗਏ ਸਨ। ਪਰ, ਆਪ ਜੀ ਗ੍ਰਿਹਸਥ ਨਹੀਂ ਧਾਰਨ ਕਰਨਾ ਚਾਹੁੰਦੇ ਸਨ। ਪਰ, ਮਾਤਾ ਜੀ ਦੇ ਵਾਰ-ਵਾਰ ਕਹਿਣ 'ਤੇ, ਬਾਬਾ ਜੀ ਵਿਆਹ ਕਰਵਾਉਣ ਲਈ ਤਿਆਰ ਹੋ ਗਏ। ਵਿਆਹ ਤੋਂ ਬਾਅਦ, ਬਾਬਾ ਕਾਹਨ ਸਿੰਘ ਜੀ ਦੇ ਗ੍ਰਿਹ ਵਿਖੇ ਤਿੰਨ ਸਪੁੱਤਰਾਂ ਤੇ ਚਾਰ ਸਪੁੱਤਰੀਆਂ ਨੇ ਜਨਮ ਲਿਆ, ਜਿੰਨ੍ਹਾਂ ਵਿੱਚੋਂ ਸਭ ਤੋਂ ਛੋਟੇ ਸ. ਚਰਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਪਿਤਾ ਜੀ) ਸਨ। ਬਾਬਾ ਕਾਹਨ ਸਿੰਘ ਜੀ ਲਗਭਗ ੯੦ ਸਾਲਾਂ ਦੀ ਉਮਰ 'ਚ, ਮਈ ਸੰਨ ੧੮੭੮ 'ਚ, ਅਕਾਲ ਚਲਾਣਾ ਕਰ ਗਏ। ਉਦੋਂ ਭਾਈ ਵੀਰ ਸਿੰਘ ਜੀ ਦੀ ਉਮਰ ਲਗਭਗ ਸਾਢੇ ਪੰਜ ਸਾਲ ਦੀ ਹੀ ਸੀ।

**ਗਿਆਨੀ ਹਜ਼ਾਰਾ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਨਾਨਾ ਜੀ)** : ਭਾਈ ਵੀਰ ਸਿੰਘ ਜੀ ਦੇ ਨਾਨਾ ਜੀ (ਗਿਆਨੀ ਹਜ਼ਾਰਾ ਸਿੰਘ ਜੀ) ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕਟੜਾ ਘਨ੍ਹਈਆ ਜੀ ਵਿਖੇ ਰਹਿੰਦੇ ਸਨ। ਆਪ ਜੀ ਪੰਜਾਬੀ, ਹਿੰਦੀ, ਬ੍ਰਿਜ ਤੇ ਫਾਰਸੀ ਭਾਸ਼ਾਵਾਂ ਦੇ ਗਿਆਤਾ ਹੋਣ ਦੇ ਨਾਲ-ਨਾਲ ਸੰਸਕ੍ਰਿਤ ਭਾਸਾ ਦੇ ਵੀ ਚੰਗੇ ਵਿਦਵਾਨ ਸਨ। ਇਸੇ ਕਰਕੇ, ਆਪ ਜੀ ਨੂੰ ਪੰਡਿਤ, ਗਿਆਨੀ ਹਜ਼ਾਰਾ ਸਿੰਘ ਜੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਆਪ ਜੀ "ਸਿੰਘ ਸਭਾ ਲਹਿਰ" ਦੇ ਸਮਰਥਕ ਤੇ ਮੁਖੀਆਂ ਵਿੱਚੋਂ ਸਨ। ਜਦੋਂ "ਖਾਲਸਾ ਦੀਵਾਨ" ਸ੍ਰੀ ਅੰਮ੍ਰਿਤਸਰ ਸਾਹਿਬ ਬਣਿਆ ਤਾਂ ਆਪ ਜੀ ਇਸ ਦੀਵਾਨ ਦੇ ਪੰਜ ਸਕੱਤਰਾਂ ਵਿੱਚੋਂ ਇੱਕ ਸਨ।

ਸਿੰਘ ਸਭਾ ਲਹਿਰ ਚੱਲੀ ਤਾਂ ਸਭਾ ਦੁਆਰਾ ਪ੍ਰਚਾਰ ਕਰਨ ਸਦਕਾ, ਵਿੱਦਿਆ ਵਿਭਾਗ ਪੰਜਾਬ ਨੇ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਕਰਵਾਉਣੀ ਪ੍ਰਵਾਨ ਕਰ ਲਈ। ਪਰ, ਸਕੂਲਾਂ 'ਚ ਪੰਜਾਬੀ ਦੀ ਪੜ੍ਹਾਈ ਕਰਵਾਉਣ ਲਈ, ਪਾਠ ਪੁਸਤਕਾਂ ਤਿਆਰ ਨਹੀਂ ਸਨ। ਉਹਨਾਂ ਦਿਨਾਂ 'ਚ ਗਿਆਨੀ ਹਜ਼ਾਰਾ ਸਿੰਘ ਜੀ ਲੜਕੀਆਂ ਦੇ ਸਕੂਲਾਂ ਦੇ ਇੰਸਪੈਕਟਰ ਵਜੋਂ ਕੰਮ ਕਰਦੇ ਸਨ। ਇਸ ਲਈ ਇਸ ਮਹਿਕਮੇ ਨੇ ਆਪ ਜੀ ਨੂੰ ਬੱਚਿਆਂ ਲਈ ਉਰਦੂ ਭਾਸ਼ਾ 'ਚ ਲਿਖੀਆਂ ਪੁਸਤਕਾਂ ਦਾ, ਪੰਜਾਬੀ ਭਾਸ਼ਾ 'ਚ ਉਲਥਾ ਕਰਕੇ, ਪਾਠ-ਪੁਸਤਕਾਂ ਤਿਆਰ ਕਰਨ ਲਈ ਕਿਹਾ। ਆਪ ਜੀ ਨੇ ਤਕਰੀਬਨ ਸਾਰੇ ਕੋਰਸਾਂ ਦੀ ਦੀਆਂ ਪਾਠ-ਪੁਸਤਕਾਂ ਦੇ ਉਲਥੇ ਕੀਤੇ ਤੇ ਕਰਵਾਏ।

ਗਿਆਨੀ ਹਜ਼ਾਰਾ ਸਿੰਘ ਜੀ ਗੁਰਬਾਣੀ ਦੇ ਟੀਕਾਕਾਰ ਵਜੋਂ ਵੀ ਪ੍ਰਸਿੱਧ ਹੋਏ। ਆਪ ਜੀ ਨੇ "ਭਾਈ ਗੁਰਦਾਸ ਜੀ ਦੀਆਂ ਵਾਰਾਂ" ਦਾ ਟੀਕਾ ਕਰਨ ਤੋਂ ਇਲਾਵਾ, ਸ਼ੇਖ ਸਾਅਦੀ ਦੀਆਂ ਰਚਨਾਵਾਂ "ਗੁਲਿਸਤਾਂ" ਤੇ "ਬੋਸਤਾਂ" ਦਾ ਪੰਜਾਬੀ ਅਨੁਵਾਦ ਵੀ ਕੀਤਾ। ਭਾਈ ਵੀਰ ਸਿੰਘ ਜੀ, ਆਪਣੇ ਨਾਨਾ ਜੀ ਦੇ ਇਹਨਾਂ ਸਾਰੇ ਕਾਰਜਾਂ 'ਚ ਹੱਥ ਵੰਡਾਉਂਦੇ ਸਨ। ਪ੍ਰਸਿੱਧ ਅੰਗ੍ਰੇਜ਼ ਵਿਦਵਾਨ ਮੈਕਾਲਿਫ ਨੇ "ਸਿੱਖ ਰਿਲੀਜ਼ਨ" ਪੁਸਤਕ ਦੀ ਤਿਆਰੀ ਕਰਨ ਸਮੇਂ ਜਿੰਨ੍ਹਾਂ ਵਿਦਵਾਨਾਂ ਪਾਸੋਂ ਮਦਦ ਲਈ ਸੀ, ਉਹਨਾਂ ਵਿੱਚੋਂ ਗਿਆਨੀ ਹਜ਼ਾਰਾ ਸਿੰਘ ਜੀ ਵੀ ਇੱਕ ਸਨ।

**ਡਾ. ਚਰਨ ਸਿੰਘ ਜੀ (ਭਾਈ ਵੀਰ ਸਿੰਘ ਜੀ ਦੇ ਪਿਤਾ ਜੀ)** : ਡਾ. ਚਰਨ ਸਿੰਘ ਜੀ ਦਾ ਜਨਮ, ਪ੍ਰਸਿੱਧ ਕਵੀ ਤੇ ਹਕੀਮ ਬਾਬਾ ਕਾਹਨ ਸਿੰਘ ਜੀ ਦੇ ਗ੍ਰਿਹ ਵਿਖੇ, ੭ ਮਾਰਚ ਸੰਨ ੧੮੫੩ ਈ. ਨੂੰ ਕਟੜਾ ਗਰਭਾ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਹੋਇਆ। ਡਾ. ਚਰਨ ਸਿੰਘ ਜੀ ਨੇ ਬਚਪਨ 'ਚ ਹੀ ਪੰਜਾਬੀ, ਹਿੰਦੀ ਤੇ ਫਾਰਸੀ ਆਦਿ ਭਾਸ਼ਾਵਾਂ ਦਾ ਗਿਆਨ ਹਾਸਲ ਕਰ ਲਿਆ ਸੀ। ਆਪ ਜੀ ਨੂੰ ਗੁਰਸਿੱਖੀ ਦੀ ਦਾਤ ਵਿਰਸੇ ' ਚੋਂ ਮਿਲੀ ਸੀ। ਆਪ ਜੀ ਦੇ ਪਿਤਾ ਜੀ (ਬਾਬਾ ਕਾਹਨ ਸਿੰਘ ਜੀ) ਨੇ ਆਪ ਜੀ ਨੂੰ ਹਕੀਮੀ ਦੀ ਸਿੱਖਿਆ ਦਿੱਤੀ ਅਤੇ ਆਪਣੇ ਪਿਆਰ ਵਾਲੇ ਡਾਕਟਰਾਂ ਪਾਸੋਂ ਐਲੋਪੈਥਿਕ ਦੁਆਈਆਂ ਦਾ ਗਿਆਨ ਵੀ ਦਿਵਾਇਆ। ਡਾ. ਚਰਨ ਸਿੰਘ ਜੀ ਦਾ ਵਿਆਹ, ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁੱਤਰੀ ਬੀਬੀ ਉੱਤਮ ਕੌਰ ਜੀ (ਪੇਕਾ ਨਾਮ - ਬੀਬੀ ਭਗਵਾਨ ਕੌਰ ਜੀ) ਨਾਲ ਸੰਨ ੧੮੬੯ ਈ. 'ਚ ਹੋਇਆ। ਬੀਬੀ ਉੱਤਮ ਕੌਰ ਜੀ ਉਸ ਅਕਾਲ ਪੁਰਖ ਨੂੰ ਮੰਨਣ ਵਾਲੀ ਸੱਚੀ-ਸੁੱਚੀ ਸ਼ਖ਼ਸ਼ੀਅਤ ਸਨ। ਡਾ. ਚਰਨ ਸਿੰਘ ਜੀ ਨੇ ਕੁਝ ਸਮਾਂ ਵੱਖ-ਵੱਖ ਸਰਕਾਰੀ ਡਿਸਪੈਂਸਰੀਆਂ 'ਚ, ਕੰਪਾਊਡਰ ਵਜੋਂ ਨੌਕਰੀ ਕੀਤੀ। ਫਿਰ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਆਪਣੀ ਕਲੀਨਿਕ ਖੋਲ੍ਹ ਕੇ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਸਤਿਗੁਰੂ ਜੀ ਨੇ ਆਪ ਜੀ ਦੇ ਹੱਥ ' ਚਸਫਾ ਦਾ ਖੁੱਲ੍ਹਾ ਖਜ਼ਾਨਾ ਬਖਸ਼ਿਸ਼ ਕੀਤਾ ਹੋਇਆ ਸੀ। ਆਪ ਜੀ ਪਾਸ ਜੋ ਵੀ ਮਰੀਜ਼ ਆਉਂਦਾ ਸੀ, ਠੀਕ ਹੋ ਜਾਂਦਾ ਸੀ। ਆਪ ਜੀ ਜਿੱਥੇ ਮਰੀਜ਼ਾਂ ਨੂੰ ਦਵਾਈਆਂ ਦਿੰਦੇ ਸਨ, ਉੱਥੇ ਨਾਲ ਹੀ ਲੋੜਵੰਦ ਮਰੀਜ਼ਾਂ ਨੂੰ ਦੁੱਧ ਤੇ ਫਲ ਆਦਿ ਖਰੀਦਣ ਲਈ, ਆਪਣੇ ਕੋਲੋਂ ਪੈਸੇ ਵੀ ਦੇ ਦਿੰਦੇ ਸਨ। ਕਈ ਵਾਰ ਤਾਂ ਆਪ ਜੀ ਲੋੜਵੰਦ ਮਰੀਜ਼ਾਂ ਨੂੰ ਕੱਪੜੇ ਅਤੇ ਹੋਰ ਜ਼ਰੂਰੀ ਵਸਤਾਂ ਦੇਣ ਤੋਂ ਵੀ ਸੰਕੋਚ ਨਹੀਂ ਕਰਦੇ ਸਨ। ਆਪ ਜੀ ਜਦੋਂ ਕਿਸੇ ਲੋੜਵੰਦ ਮਰੀਜ਼ ਨੂੰ ਦੇਖਣ ਲਈ, ਉਸ ਦੇ ਘਰ ਜਾਂਦੇ ਸਨ ਤਾਂ ਕਾਲੇ ਛੋਲਿਆਂ ਦੀ ਤਰੀ ਤੇ ਦੁੱਧ ਆਦਿ ਬੋਤਲਾਂ 'ਚ ਪਾ ਕੇ ਲੈ ਜਾਂਦੇ ਸਨ ਅਤੇ ਉਸ ਮਰੀਜ਼ ਨੂੰ ਦੇ ਆਉਂਦੇ ਸਨ।

ਆਪ ਜੀ ਅੰਮ੍ਰਿਤ ਵੇਲੇ ਉੱਠਦੇ ਸਨ। ਫਿਰ, ਇਸ਼ਨਾਨ ਆਦਿ ਕਰਕੇ ਪਾਠ ਕਰਦੇ ਹੋਏ, ਸ੍ਰੀ ਦਰਬਾਰ ਸਾਹਿਬ ਚਲੇ ਜਾਂਦੇ ਸਨ। ਦਿਨ ਚੜ੍ਹੇ ਵਾਪਸ ਆ ਕੇ ਪ੍ਰਸ਼ਾਦਾ ਛੱਕਦੇ ਸਨ ਅਤੇ ਲਗਭਗ ਦੱਸ ਵਜੇ, ਆਪਣੀ ਕਲੀਨਿਕ 'ਤੇ ਚਲੇ ਜਾਂਦੇ ਸਨ। ਕਲੀਨਿਕ ਤੋਂ ਸ਼ਾਮ ਨੂੰ ਸੱਤ-ਅੱਠ ਵਜੇ ਵਾਪਸ ਆਉਂਦੇ ਸਨ ਅਤੇ ਪ੍ਰਸ਼ਾਦਾ ਛੱਕ ਕੇ, ਸ੍ਰੀ ਦਰਬਾਰ ਸਾਹਿਬ ਵਿਖੇ ਦਰਸਨ ਕਰਨ ਲਈ ਚਲੇ ਜਾਂਦੇ ਸਨ। ਆਪ ਜੀ ਸ੍ਰੀ ਦਰਬਾਰ ਸਾਹਿਬ ਤੋਂ ਵਾਪਸ ਆ ਕੇ, ਸੂਰਜ ਪ੍ਰਕਾਸ਼ ਦੀ ਕਥਾ ਕਰਦੇ ਹੁੰਦੇ ਸਨ। ਆਪ ਜੀ ਦੇ ਗ੍ਰਿਹ ਵਿਖੇ, ਧਾਰਮਿਕ ਵਿੱਦਿਆ ਦਾ ਪ੍ਰਵਾਹ ਸਦਾ ਹੀ ਚਲਦਾ ਰਹਿੰਦਾ ਸੀ। ਅਨੇਕਾਂ ਹੀ ਸਤਿਸੰਗੀ ਡਾ. ਚਰਨ ਸਿੰਘ ਜੀ ਪਾਸੋਂ ਸੂਰਜ ਪ੍ਰਕਾਸ਼ ਗ੍ਰੰਥ 'ਚ ਕਾਵਿ ਰੂਪ 'ਚ ਲਿਖੇ ਇਤਿਹਾਸ ਦੇ ਅਰਥ ਸਮਝਣ ਲਈ ਆਉਂਦੇ ਰਹਿੰਦੇ ਸਨ। ਆਪ ਜੀ ਦੀ ਪ੍ਰੇਰਣਾ ਸਦਕਾ, ਸਿੰਘ ਸਭਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ "ਸਿੰਘ ਸਭਾ ਡਿਸਪੈਂਸਰੀ" ਖੋਲ੍ਹੀ ਗਈ, ਜਿਸ ਰਾਹੀਂ ਲੋੜਵੰਦ ਮਰੀਜ਼ਾਂ ਦਾ ਮੁਫਤ ਇਲਾਜ ਕੀਤਾ ਜਾਂਦਾ ਸੀ। ਆਪ ਜੀ ਆਪਣੇ ਪਿਤਾ ਜੀ ਦੀ ਤਰ੍ਹਾਂ ਹੀ, ਪੰਜਾਬੀ, ਹਿੰਦੀ, ਫਾਰਸੀ, ਅੰਗ੍ਰੇਜ਼ੀ, ਬ੍ਰਿਜ ਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਗਿਆਤਾ, ਉੱਚ ਕੋਟੀ ਦੇ ਵਿਦਵਾਨ ਅਤੇ ਡੂੰਘੀ ਸੂਝ-ਬੂਝ ਦੇ ਮਾਲਕ ਸਨ। ਆਪ ਜੀ ਦੀਆਂ ਬਹੁਤ ਸਾਰੀਆਂ ਰਚਨਾਵਾਂ, "ਖਾਲਸਾ ਟ੍ਰੈਕਟ ਸੁਸਾਇਟੀ" ਵੱਲੋਂ ਪ੍ਰਕਾਸ਼ਤ ਕੀਤੀਆਂ ਗਈਆਂ।

ਡਾ. ਚਰਨ ਸਿੰਘ ਜੀ ਨੇ ਸਿੱਖਾਂ ਅੰਦਰ ਗੁਰਪੁਰਬ ਮਨਾਉਣ ਦੀ ਪਰੰਪਰਾ ਨੂੰ ਅੱਗੇ ਤੋਰਨ ਲਈ ਪ੍ਰਚਾਰ ਕੀਤਾ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਕਰਮਾ 'ਚ, ਕਵੀ ਦਰਬਾਰ ਆਯੋਜਿਤ ਕਰਨ ਦੀ ਪਰੰਪਰਾ ਸ਼ੁਰੂ ਕੀਤੀ। ਉਸ ਸਮੇਂ ਦੇ ਉੱਘੇ ਕਵੀ, ਇਹਨਾਂ ਕਵੀ ਦਰਬਾਰਾਂ 'ਚ ਹਿੱਸਾ ਲੈ ਕੇ, ਕਵੀ ਦਰਬਾਰਾਂ ਦੀ ਸਾਨ ਵਧਾਉਂਦੇ ਸਨ।

ਆਪ ਜੀ ਦੇ ਗ੍ਰਿਹ ਵਿਖੇ ਚਾਰ ਸਪੁੱਤਰਾਂ ਤੇ ਦੋ ਸਪੁੱਤਰੀਆਂ ਨੇ ਜਨਮ ਲਿਆ, ਜਿੰਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਭਾਈ ਵੀਰ ਸਿੰਘ ਜੀ (੦੫.੧੨.੧੮੭੨)

ਬੀਬੀ ਮਥਰਾ ਦੇਵੀ ਜੀ (੦੯.੦੬.੧੮੭੬)

ਬੀਬੀ ਸੰਤ ਕੌਰ ਜੀ (੨੫.੧੦.੧੮੮੦)

ਭਾਈ ਜੈ ਰਾਜ ਸਿੰਘ ਜੀ (੨੦.੧੦.੧੮੮੩)

ਭਾਈ ਲਖਬੀਰ ਸਿੰਘ ਜੀ (੧੯.੦੯.੧੮੮੯)

ਡਾ. ਬਲਬੀਰ ਸਿੰਘ ਜੀ (੧੩.੧੨.੧੮੯੬)

(ਭਾਈ ਲਖਬੀਰ ਸਿੰਘ ਜੀ ਤੋਂ ਬਾਅਦ, ਇੱਕ ਹੋਰ ਸਪੁੱਤਰੀ ਨੇ ਜਨਮ ਲਿਆ ਸੀ, ਪਰ, ਉਹ ਬਚਪਨ 'ਚ ਹੀ ਚੜ੍ਹਾਈ ਕਰ ਗਏ ਸਨ।)

ਡਾ. ਚਰਨ ਸਿੰਘ ਜੀ ਬਹੁਤ ਦੂਰ-ਅੰਦੇਸ਼ ਤੇ ਰੋਹਬਦਾਰ ਸੁਭਾਅ ਦੇ ਮਾਲਕ ਸਨ। ਆਪ ਜੀ ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸਨ, ਪਰ, ਆਪ ਜੀ ਦੇ ਰੋਹਬਦਾਰ ਸੁਭਾਅ ਕਾਰਨ, ਬੱਚਿਆਂ ਦੇ ਵਿਗੜਨ ਦਾ ਡਰ ਨਹੀਂ ਰਹਿੰਦਾ ਸੀ।

ਅਖੀਰ ੧੪ ਜਾਂ ੧੧ ਨਵੰਬਰ ਸੰਨ ੧੯੦੮ ਈ. ਨੂੰ ਡਾ. ਚਰਨ ਸਿੰਘ ਜੀ ਅਕਾਲ ਚਲਾਣਾ ਕਰ ਗਏ। ਇਸ ਸਮੇਂ ਭਾਈ ਵੀਰ ਸਿੰਘ ਜੀ ਦੀ ਉਮਰ ਲਗਭਗ ੩੬ ਸਾਲਾਂ ਦੀ ਸੀ।

**ਮਾਤਾ ਉੱਤਮ ਕੌਰ ਜੀ (ਭਾਈ ਵੀਰ ਸਿੰਘ ਜੀ ਦੇ ਮਾਤਾ ਜੀ)** : ਗਿਆਨੀ ਹਜ਼ਾਰਾ ਸਿੰਘ ਜੀ ਦੀ ਸਪੁੱਤਰੀ, ਡਾ. ਚਰਨ ਸਿੰਘ ਜੀ ਦੀ ਸੁਪਤਨੀ ਅਤੇ ਭਾਈ ਵੀਰ ਸਿੰਘ ਜੀ ਦੇ ਮਾਤਾ ਜੀ (ਮਾਤਾ ਉੱਤਮ ਕੌਰ ਜੀ) ਦਾ ਜਨਮ ਸੰਨ ੧੮੫੬ ਈ. 'ਚ ਹੋਇਆ। ਆਪ ਜੀ ਦਾ ਵਿਆਹ ਡਾ. ਚਰਨ ਸਿੰਘ ਨਾਲ ਸੰਨ ੧੮੬੯ ਈ. 'ਚ ਹੋਇਆ। ਆਪ ਜੀ ਨੇਕ ਦਿਲ, ਮਮਤਾ ਦੀ ਮੂਰਤਿ ਅਤੇ ਸੇਵਾ ਭਾਵਨਾ ਰੱਖਣ ਵਾਲੀ ਗੁਰਮੁੱਖ ਸ਼ਖ਼ਸ਼ੀਅਤ ਸਨ। ਇੱਕ ਵਾਰ ਇੱਕ ਸਾਧੂ ਡਾ. ਚਰਨ ਸਿੰਘ ਜੀ ਦੇ ਗ੍ਰਿਹ ਵਿਖੇ ਪ੍ਰਸ਼ਾਦਾ ਛੱਕ ਕੇ ਗਿਆ ਤਾਂ ਉਸ ਦਾ ਮਨ ਨਾਮ-ਸਿਮਰਨ 'ਚ ਜੁੜਿਆ ਰਿਹਾ। ਉਸ ਸਾਧੂ ਨੂੰ ਇੰਝ ਲੱਗਾ ਜਿਵੇਂ ਕਿ ਇਹ ਉਸ ਲੰਗਰ ਦੀ ਬਰਕਤਿ ਹੈ, ਜਿਸ ਸਦਕਾ ਉਸ ਨੂੰ ਨਾਮ-ਸਿਮਰਨ ਦੇ ਰਸ ਦਾ ਅਨੰਦ ਆਇਆ ਹੈ। ਉਹ ਸਾਧੂ ਅਗਲੇ ਦਿਨ ਪ੍ਰਸ਼ਾਦਾ ਛਕਣ ਲਈ, ਫਿਰ ਤੋਂ ਡਾ. ਚਰਨ ਸਿੰਘ ਜੀ ਦੇ ਗ੍ਰਿਹ ਵਿਖੇ ਪਹੁੰਚ ਗਿਆ। ਪ੍ਰਸਾਦਾ ਛੱਕ ਕੇ, ਉਹ ਸਾਧੂ ਕਹਿਣ ਲੱਗਾ ਕਿ ਆਪ ਜੀ ਵੱਲੋਂ ਤਿਆਰ ਕੀਤਾ ਭੋਜਨ ਸੱਚੀ-ਸੁੱਚੀ ਕਿਰਤ ਤੋਂ ਆਈ ਮਾਇਆ ਨਾਲ ਤਿਆਰ ਕੀਤਾ ਗਿਆ ਹੈ। ਜਿਸਦਾ ਪ੍ਰਤੱਖ ਪ੍ਰਮਾਣ ਹੈ ਕਿ ਬੀਤੇ ਕੱਲ੍ਹ ਆਪ ਜੀ ਦੇ ਘਰ 'ਚ ਪ੍ਰਸ਼ਾਦਾ ਛਕਣ ਤੋਂ ਬਾਅਦ, ਮੇਰਾ ਮਨ ਨਾਮ ਸਿਮਰਨ 'ਚ ਜੁੜਿਆ ਰਿਹਾ ਅਤੇ ਨਾਮ ਸਿਮਰਨ ਦਾ ਅਨੰਦ ਵੀ ਬਹੁਤ ਆਇਆ। ਇਸ ਲਈ ਮੈਂ ਚਾਹੁੰਦਾ ਹਾਂ ਕਿ ਇਸ ਗ੍ਰਿਹ ਵਿਖੇ ਸਦਾ ਹੀ ਲੰਗਰ ਚਲਦੇ ਰਹਿਣ। ਫਿਰ, ਉਹ ਸਾਧੂ ਭਾਈ ਵੀਰ ਸਿੰਘ ਜੀ ਨੂੰ ਲੰਗਰ ਦੀ ਹੱਥੀਂ ਸੇਵਾ ਕਰਦੇ ਦੇਖ ਕੇ ਕਹਿਣ ਲੱਗਾ ਕਿ ਇਸ ਗ੍ਰਿਹ ਵਿਚ ਕਦੇ ਮਾਇਆ ਦੀ ਥੁੜ੍ਹ ਨਾ ਹੋਵੇ, ਇਸ ਲਈ ਮੈਂ ਅਰਦਾਸ ਕਰਦਾ ਹਾਂ ਕਿ ਇਹ ਸੁਸ਼ੀਲ ਤੇ ਭਾਗਾਂ ਵਾਲਾ ਬੱਚਾ ਬਹੁਤ ਧਨਵਾਨ ਹੋਵੇ। ਅੱਗੋਂ ਮਾਤਾ ਉੱਤਮ ਕੌਰ ਜੀ ਕਹਿਣ ਲੱਗੇ ਕਿ ਹੇ ਸੰਤ ਜੀ ! ਮਾਇਆ ਤਾਂ ਮੈਲ ਹੈ, ਸੁਰਤਿ ਨੂੰ ਮੈਲਿਆਂ ਕਰ ਦਿੰਦੀ ਹੈ ਅਤੇ ਸਿਰਜਣਹਾਰ ਤੋਂ ਵਿਛੋੜ ਦਿੰਦੀ ਹੈ।

ਇਸ ਲਈ, ਜੇ ਤਰੁੱਠੇ ਹੀ ਹੋ ਤਾਂ ਅਰਦਾਸ ਕਰੋ ਕਿ ਸਾਨੂੰ ਨਾਮ-ਚਿੱਤ ਰਹੇ ਤੇ ਸਿਮਰਨ 'ਚ ਵਿੱਥ ਨਾ ਪਵੇ। ਇਹੋ ਜਿਹੇ ਸਨ ਭਾਈ ਵੀਰ ਸਿੰਘ ਜੀ ਦੇ ਮਾਤਾ ਜੀ। ਮਾਤਾ ਉੱਤਮ ਕੌਰ ਜੀ ੯ ਅਪ੍ਰੈਲ ਸੰਨ ੧੯੧੮ ਈ. ਨੂੰ ਅਕਾਲ ਚਲਾਣਾ ਕਰ ਗਏ। ਇਸ ਸਮੇਂ ਭਾਈ ਵੀਰ ਸਿੰਘ ਜੀ ਦੀ ਉਮਰ ਲਗਭਗ ੪੫ ਸਾਲਾਂ ਦੀ ਸੀ।

● ● ●

# ਅਪੀਲ


**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਹਿੰਦ ਕੋ ਏਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ




ਗੁਰੂ ਨਾਨਕ ਸਾਹਿਬ ਬਾਰੇ ਇਹ ਕਥਨ ਕਿ "ਫਿਰ ਉਠੀ ਆਖਰ ਸਦਾ ਤੌਹੀਦ ਕੀ ਪੰਜਾਬ ਸੇ, ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ', ਡਾ. ਇਕਬਾਲ ਦਾ ਹੈ ਜਿਸ 'ਚ ਆਪ ਨੇ ਗੁਰੂ ਨਾਨਕ ਸਾਹਿਬ ਦੀ ਸਹੀ ਵਿਆਖਿਆ ਕੀਤੀ ਹੈ। ਗੁਰੂ ਜੀ ਤੋਂ ਪਹਿਲਾਂ ਤੇ ਹੁਣ ਤੱਕ, ਹਿੰਦੂ ਸਮਾਜ ਦਾ ਰੱਬ ਇਕ ਨਹੀਂ ਹੈ। ਹਿੰਦੂ, ਅਵਤਾਰਵਾਦ 'ਚ ਯਕੀਨ ਕਰਦੇ ਹਨ ਜਿਸ ਵਿਚ ਵੱਖ-ਵੱਖ ਦੇਵਤਿਆਂ (ਬ੍ਰਹਮਾ, ਵਿਸ਼ਨੂੰ, ਮਹੇਸ਼, ਰਾਮ, ਕ੍ਰਿਸ਼ਨ) ਸਮੇਤ 33 ਕਰੋੜ ਦੇਵੀ ਦੇਵਤਿਆਂ ਨੂੰ ਰੱਬੀ ਅਵਤਾਰ ਸਮਝ ਕੇ ਇਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਗੁਰੂ ਜੀ ਇਸ ਨੂੰ ਗਲਤ ਸਮਝਦੇ ਸਨ। ਹਿੰਦੂ ਸਮਾਜ ਨਾਲੋਂ ਨਾਤਾ ਤੋੜ ਕੇ ਜੋ ਹਿੰਦੂ, ਸਿੱਖ ਬਣੇ, ਉਨ੍ਹਾਂ ਨੂੰ ਆਪ ਨੇ ਤੌਹੀਦ ਦਾ ਸਬਕ ਪੜ੍ਹਾਇਆ। ਭਾਵ ਰੱਬ ਇਕ ਹੈ ਅਤੇ ਉਸ ਦਾ ਕੋਈ ਹੋਰ ਰੂਪ ਨਹੀਂ ਹੈ। ਸਾਰੀ ਸਿੱਖ ਫ਼ਿਲਾਸਫ਼ੀ ਇਸ ਇਕੋ ਨੁਕਤੇ ਦੁਆਲੇ ਘੁੰਮਦੀ ਹੈ। ਕੋਈ ਸੰਤ, ਸਾਧ, ਡੇਰੇਦਾਰ, ਗੁਰੂ ਸਾਹਿਬ ਦੀ ਬਰਾਬਰੀ ਨਹੀਂ ਕਰ ਸਕਦਾ। ਗੁਰੂ ਨਾਨਕ ਨੇ ਆਪਣਾ ਮਿਸ਼ਨ ੧ਓ ਤੋਂ ਸ਼ੁਰੂ ਕੀਤਾ। ਸਿੱਖ ਨੂੰ ਇਕ ਦੇ ਲੜ ਲਾਇਆ ਅਤੇ ਇਕੋ ਰਾਹ ਵਿਖਾਇਆ।

**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**99153-57524**


ਵੇਈਂ ਵਾਲੀ ਘਟਨਾ ਤੋਂ ਬਾਅਦ ਗੁਰੂ ਪ੍ਰਚਾਰ ਦਾ ਸਭ ਤੋਂ ਪਹਿਲਾ ਵਚਨ 'ਨਾ ਕੋਈ ਹਿੰਦੂ ਨਾ ਮੁਸਲਮਾਨ' ਸੀ। ਇਸ ਤੋਂ ਬਾਅਦ ਆਪ ਨੇ ਮੋਦੀਖ਼ਾਨੇ ਦੀ ਨੌਕਰੀ ਛੱਡ ਦਿੱਤੀ ਤੇ ਜਗਤ ਨੂੰ ਸੁਧਾਰਨ ਅਤੇ ਤਾਰਨ ਲਈ ਨਿਕਲ ਪਏ। ਗੁਰੂ ਜੀ ਅਨੁਸਾਰ ਹਿੰਦੂ ਅਤੇ ਮੁਸਲਮਾਨ, ਦੋਵੇਂ ਆਪਣੇ-ਆਪਣੇ ਮਜ਼ਹਬ ਦੀ ਸਹੀ ਭਾਵਨਾ ਅਨੁਸਾਰ ਨਹੀਂ ਚਲਦੇ ਸਨ।


ਗੁਰੂ ਸਾਹਿਬ ਦੇ ਇਹ ਬਚਨ ਸਿਰਫ਼ ਹਿੰਦੂਆਂ, ਮੁਸਲਮਾਨਾਂ ਲਈ ਨਹੀਂ, ਇਹ ਤਾਂ ਹੁਣ ਖ਼ਾਸ ਕਰਕੇ ਸਿੱਖਾਂ ਲਈ ਹਨ ਕਿਉਂਕਿ ਸਿੱਖ ਹੀ ਆਪ ਨੂੰ ਆਪਣਾ ਗੁਰੂ ਮੰਨਦੇ ਹਨ। ਹਿੰਦੂ ਅਤੇ ਮੁਸਲਮਾਨ ਤਾਂ ਗੁਰੂ ਸਾਹਿਬ ਨੂੰ ਆਪਣਾ ਰਹਿਬਰ, ਪੈਗ਼ੰਬਰ ਨਹੀਂ ਮੰਨਦੇ। ਸਿੱਖ ਨੂੰ ਦੇਹਧਾਰੀ ਗੁਰੂ ਦਾ ਤਿਆਗ ਕਰਕੇ, ਕਰਮ-ਕਾਂਡ, ਫਜ਼ੂਲ ਰਸਮਾਂ ਛੱਡ ਕੇ, ਗੁਰੂ ਦੇ ਦੱਸੇ ਰਾਹ 'ਤੇ ਚਲਣਾ ਚਾਹੀਦਾ ਹੈ। ਧਰਮ ਦਾ ਮੁੱਖ ਮਕਸਦ ਆਤਮਕ ਆਨੰਦ ਦੀ ਪ੍ਰਾਪਤੀ ਹੈ। ਇਹ ਆਨੰਦ ਕੇਵਲ ਗੁਰੂ ਜੀ ਦੇ ਦੱਸੇ ਰਾਹ 'ਤੇ ਚਲਿਆਂ ਹੀ ਮਿਲਣਾ ਹੈ। ਯਾਦ ਰੱਖੋ, ਜਿਸ ਬੰਦੇ ਦਾ ਦੇਹਧਾਰੀ ਗੁਰੂ ਹੈ, ਗੁਰੂ ਨਾਨਕ ਉਸ ਦਾ ਗੁਰੂ ਨਹੀਂ ਹੈ। ਮਹਾਂਪੁਰਖਾਂ, ਪੀਰਾਂ, ਭਗਤਾਂ ਨੂੰ ਗੁਰੂ ਮੰਨਣ 'ਚ ਕੀ ਮਾੜਾ ਹੈ, ਇਹ ਵੀ ਤਾਂ ਰੱਬ ਦੇ ਹੀ ਭਗਤ ਹਨ। ਇਹ ਸੋਚ ਬੱਚਿਆਂ ਵਾਲੀ ਹੈ। ਇਹ ਲੋਕ ਭਗਤ ਹਨ, ਗੁਰੂ ਪਦਵੀ ਪ੍ਰਾਪਤ ਨਹੀਂ ਕਰ ਸਕੇ। ਇਹ ਪਦਵੀ ਸਿਰਫ਼ ਅਤੇ ਸਿਰਫ਼ ਗੁਰੂ ਨਾਨਕ ਸਾਹਿਬ ਨੂੰ ਹੀ ਪ੍ਰਾਪਤ ਹੈ। ਇਸ ਵੇਲੇ ਗੁਰੂ ਨਾਨਕ ਸਾਹਿਬ



ਦੀ ਜਗ੍ਹਾ ਗੁਰੂ ਗ੍ਰੰਥ ਸਾਹਿਬ ਸੁਭਾਏਮਾਨ ਹਨ। ਗੁਰੂ ਗੋਬਿੰਦ ਸਿੰਘ, ਸਿੱਖਾਂ ਨੂੰ ਸ਼ਬਦ ਗੁਰੂ ਦਾ ਲੜ ਫੜਾ ਕੇ ਗਏ ਹਨ। ਇਹ ਧੁਰ ਕੀ ਬਾਣੀ ਹੈ ਜੋ ਜੁਗੋ ਜੁਗ ਅਟੱਲ ਹੈ। ਗੁਰੂ ਗ੍ਰੰਥ ਸਾਹਿਬ 'ਚ ਸਿਰਫ਼ ਇਕ ਅਕਾਲ ਪੁਰਖ ਦੀ ਹੀ ਸਿਫ਼ਤ ਸਾਲਾਹ ਹੈ। 'ਪੋਥੀ ਪਰਮੇਸਰ ਕਾ ਥਾਨੁ', 'ਗ੍ਰੰਥ ਅਕਾਲ ਮੇ ਭੇਦ ਕਿਛੁ ਨਾਹੀ' ਦਾ ਰੁਤਬਾ ਗ੍ਰੰਥ ਸਾਹਿਬ ਦਾ ਹੈ। ਅਕਾਲ ਪੁਰਖ ਦੀ ਹਸਤੀ, ਉਸ ਦੇ ਕਿਰਦਾਰ, ਉਸ ਦੀ ਕਿਰਤ ਨੂੰ ਕੇਵਲ ਗੁਰੂ ਨਾਨਕ ਹੀ ਸਮਝੇ ਹਨ ਜਿਸ ਦਾ ਵਰਨਣ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ 'ਚ ਕੀਤਾ ਹੈ।

**'ਕਰਨ ਕਾਰਨ ਪ੍ਰਭ ਏਕ ਹੈ, ਦੂਸਰ ਨਾਹਿ ਕੋਇ॥**
**ਨਾਨਕ ਤਿਸ ਬਲਿਹਾਰਨੈ ਜਲ ਥਲ ਰਵਿਆ ਸੋਇ॥'**

ਬਾਬਰ ਦੇ ਹਮਲੇ ਸਮੇਂ ਗੁਰੂ ਜੀ ਨੇ ਪਠਾਨ ਲੋਧੀ ਹਕੂਮਤ ਦੀ ਨਿੰਦਿਆ ਕੀਤੀ ਜੋ ਬਾਬਰ ਤੋਂ ਆਪਣੀ ਪਰਜਾ ਦੀ ਰੱਖਿਆ ਨਾ ਕਰ ਸਕੇ। 'ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨ ਡਰਾਇਆ' ਸ਼ਬਦ 'ਚ ਗੁਰੂ ਜੀ ਨੇ ਬਾਬਰ ਦੇ ਜ਼ੁਲਮਾਂ ਦੇ ਖ਼ੂਨ ਦੇ ਸੋਹਲੇ ਗਾਏ ਹਨ। ਆਪ ਨੂੰ ਪਰਜਾ ਨਾਲ ਕੈਦ ਕਰ ਲਿਆ ਗਿਆ। ਆਪ ਨੇ ਸ਼ਰੇਆਮ ਬਾਬਰ ਨੂੰ ਜਾਬਰ ਆਖਿਆ। ਬਾਬਰ ਵੱਲੋਂ ਆਪ ਦਾ ਨਾਂ ਪੁੱਛਣ 'ਤੇ ਆਪ ਨੇ ਆਪਣਾ ਨਾਮ ਨਾਨਕ ਦੱਸਿਆ ਜਿਸ ਬਾਰੇ ਉਹ ਪਹਿਲਾਂ ਦੌਲਤ ਖਾਂ ਲੋਧੀ ਤੋਂ ਸੁਣ ਚੁੱਕਾ ਸੀ। ਬਾਬਰ ਨੇ ਗੁਰੂ ਸਾਹਿਬ ਦੀ ਸੋਚ, ਉਸ ਅੱਗੇ ਸੱਚ ਬੋਲਣ ਦੀ ਜੁਰਅਤ, ਪੈਗ਼ੰਬਰੀ ਕਿਰਦਾਰ ਅਤੇ ਦਿੱਖ ਅੱਗੇ ਸਿਰ ਨਿਵਾ ਦਿੱਤਾ। ਗੁਰੂ ਨਾਨਕ ਨੇ ਬਾਬਰ ਨੂੰ ਸਮਝਾਇਆ ਕਿ "ਭਾਈ! ਤੇਰੀ ਲੜਾਈ ਮੌਕੇ ਦੀ ਹਕੂਮਤ ਨਾਲ ਹੈ। ਇਹ ਪਰਜਾ ਜਿਸ ਨੂੰ ਬੰਦਾ ਬਣਾ ਕੇ ਉਸ ਉੱਤੇ ਜ਼ੁਲਮ ਕਰ ਰਿਹਾ ਹੈਂ, ਇਸ ਨੇ ਤੇਰਾ ਕੀ ਵਿਗਾੜਿਆ ਹੈ? ਰਾਜ ਤੇਰਾ ਹੋ ਗਿਆ ਹੈ। ਲੋਕਾਈ ਨੂੰ ਆਜ਼ਾਦ ਕਰ ਜੋ ਆਪਣੇ ਆਪਣੇ ਘਰਾਂ ਨੂੰ ਜਾਵੇ। ਕੈਦ 'ਚ ਰੱਖ ਕੇ, ਤਸੀਹੇ ਦੇ ਕੇ ਮਾਰ ਦੇਵੇਂਗਾ ਤਾਂ ਰਾਜ ਕਿਸ ਉੱਤੇ ਕਰੇਂਗਾ? ਇਹ ਤਾਂ ਤੇਰਾ ਮੁਕਾਬਲਾ ਨਹੀਂ ਕਰਦੇ।" ਇਹ ਗੱਲ ਬਾਬਰ ਦੇ ਮਨ ਨੂੰ ਛੂਹ ਗਈ। ਕੈਦੀ ਰਿਹਾਅ ਕਰ ਦਿੱਤੇ ਗਏ। ਸਾਹਿਬਾਂ ਦੇ ਪੈਗ਼ੰਬਰੀ ਕਿਰਦਾਰ, ਵਿਚਾਰ ਅੱਗੇ ਸਿਰ ਝੁਕਾਇਆ।



ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਗਿਆਨ ਚੇਤੇ ਕਰਵਾਉਣ, ਸੱਚਾ ਮਾਰਗ ਦੱਸਣ ਲਈ ਸੰਸਾਰ 'ਚ 4 ਉਦਾਸੀਆਂ ਕੀਤੀਆਂ। ਗੁਰੂ ਨਾਨਕ ਸਾਹਿਬ, ਕਿਰਤ ਨੂੰ ਮਹਾਨਤਾ ਦੇਣ ਅਤੇ ਨੀਵਿਆਂ ਦਾ ਸਤਿਕਾਰ ਕਰਨ ਲਈ, ਭਾਈ ਲਾਲੋ ਦੇ ਘਰ ਦੋ ਵਾਰ ਗਏ ਤੇ ਉਸ ਨੂੰ ਮਾਣ ਬਖ਼ਸ਼ਿਆ। 'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ' ਗੁਰਬਾਣੀ ਰਚ ਕੇ, ਭਾਈ ਲਾਲੋ ਦਾ ਨਾਮ ਗ੍ਰੰਥ ਸਾਹਿਬ 'ਚ ਦਰਜ ਕਰਕੇ ਆਪ ਨੂੰ ਅਮਰ ਕਰ ਦਿੱਤਾ। ਹਿੰਦੂਆਂ, ਮੁਸਲਮਾਨਾਂ 'ਚ ਔਰਤ ਦੀ ਸਮਾਜ 'ਚ ਹਾਲਤ ਤਰਸਯੋਗ, ਭੈੜੀ ਸੀ। ਉਸ ਨੂੰ ਆਪ ਨੇ ਉੱਚਾ ਚੁੱਕਿਆ। ਇਸੇ ਤਰ੍ਹਾਂ ਨੀਵਿਆਂ ਦਾ ਸਾਥ ਦੇ ਕੇ ਸ਼ਹਿਨਸ਼ਾਹ ਗੁਰੂ ਨਾਨਕ ਨੇ ਉਨ੍ਹਾਂ ਨੂੰ ਗਲੇ ਲਗਾਇਆ। ਆਪਣੇ ਆਪ ਨੂੰ ਨੀਚਾਂ 'ਚੋਂ ਨੀਚ ਦੱਸਿਆ।

ਗੁਰੂ ਨਾਨਕ ਵਿਚਾਰਧਾਰਾ, ਕਿਰਦਾਰ ਨੂੰ ਬਹੁਤੇ ਸਿੱਖ ਸਮਝ ਨਹੀਂ ਸਕੇ। ਅਗਿਆਨਤਾ ਕਰਕੇ, ਡੇਰਿਆਂ ਦੇ ਸੇਵਕ, ਸਾਧੂ, ਸੰਤਾਂ ਦੇ ਚੇਲੇ ਬਣ ਰਹੇ ਹਨ। "ਪੰਥ (ਗੁਰਬਾਣੀ, ਸਿੱਖੀ) ਸਾਗਰ ਨਿਆਈਂ ਹੈ। ਕੋਈ ਜ਼ੁਲਮੀ ਸੂਰਜ ਇਸ ਨੂੰ ਸੁਕਾ ਨਹੀਂ ਸਕਦਾ।" – ਰਤਨ ਸਿੰਘ ਭੰਗੂ

ਕੈ : ਮੱਰੇ ਨੇ ਪੁੱਛਿਆ, "ਸਿੱਖ ਨੂੰ ਪਾਤਸ਼ਾਹੀ ਕਿਨ ਦਿੱਤੀ?" "ਸਿੰਘ ਪਾਤਸ਼ਾਹੀ ਸਾਹਿਬ ਸੱਚੇ ਦਈ।" – ਭੰਗੂ।

ਮੱਰੇ ਨੇ ਪੁੱਛਿਆ, "ਕੌਣ ਹੈ ਸੱਚਾ ਪਾਤਸ਼ਾਹ?"

"ਸ਼ਾਹ ਨਾਨਕ ਜੋਇ।" ਭੰਗੂ ਦਾ ਉੱਤਰ ਸੀ।

"ਗੁਰੂ ਨਾਨਕ ਤਾਂ ਫ਼ਕੀਰ ਹੈ, ਉਨ ਸਹੀ ਕੀ ਕਿਆ ਤਤਬੀਰ?" ਮੱਰੇ ਨੇ ਕਿਹਾ।

ਭੰਗੂ ਨੇ ਜਵਾਬ ਦਿੱਤਾ, "ਤੈਨੂੰ ਭੁਲੇਖਾ ਲੱਗਾ ਹੈ। ਗੁਰੂ ਨਾਨਕ ਸ਼ਹਿਨਸ਼ਾਹ, ਦੀਨ-ਦੁਨੀ ਦਾ ਸੱਚਾ ਪਾਤਸ਼ਾਹ। ਫ਼ੈਸਲਾ ਸਿੱਖਾਂ ਕਰਨਾ ਹੈ ਕਿ ਉਨ੍ਹਾਂ ਸ਼ਹਿਨਸ਼ਾਹ ਗੁਰੂ ਦਾ ਲੜ ਫੜਨਾ ਹੈ ਜਾਂ ਮੰਗਤਿਆਂ ਤੋਂ ਕੁਝ ਪ੍ਰਾਪਤ ਕਰਨ ਦੀ ਆਸ ਰੱਖਣੀ ਹੈ। ਮੰਗਤਿਆਂ ਤੋਂ ਮੰਗਣਾ ਲਾਹਨਤੀਆਂ ਦਾ ਕੰਮ ਹੈ। ਸਿੱਖ ਦੀ ਸਰਦਾਰੀ, ਚੜ੍ਹਦੀ ਕਲਾ ਕੇਵਲ ਗੁਰੂ ਨਾਨਕ ਸਾਹਿਬ ਦਾ ਲੜ ਫੜਿਆਂ ਹੀ ਹੋਣੀ ਹੈ।

# ਪ੍ਰਿੰਸੀਪਲ ਸ. ਵਰਿਆਮ ਸਿੰਘ ਜੀ ਨੂੰ 100ਵੇਂ ਜਨਮ ਦਿਨ ਦੀਆਂ ਬਹੁਤ-ਬਹੁਤ ਮੁਬਾਰਕਾਂ !



ਮਹਾਨ ਦਾਰਸ਼ਨਿਕ, ਵਿੱਦਿਆਦਾਨੀ, ਸਮਾਜ ਸੁਧਾਰਕ ਅਤੇ ਲੁਬਾਣਾ ਕੌਮ ਦੇ ਮਾਰਗ ਦਰਸ਼ਕ ਪ੍ਰਿੰ. ਵਰਿਆਮ ਸਿੰਘ ਕਪੂਰਥਲਾ ਜੀ ਨੂੰ ਉਨ੍ਹਾਂ ਦੀ ਜੀਵਨ ਮਾਰਗ ਦੀ ਸ਼ਤਾਬਦੀ ਪੂਰੀ ਕਰਨ 'ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ ਅਤੇ ਮੈਂਬਰਾਂ ਵੱਲੋਂ ਬਹੁਤ-ਬਹੁਤ ਮੁਬਾਰਕਾਂ ਅਤੇ ਸ਼ੁਭ ਇਛਾਵਾਂ। ਪ੍ਰਿੰ. ਵਰਿਆਮ ਸਿੰਘ ਜੀ ਦਾ ਜਨਮ 22 ਨਵੰਬਰ 1925 ਨੂੰ ਪਿਤਾ ਸ. ਗਹਿਣਾ ਸਿੰਘ ਅਤੇ ਮਾਤਾ ਸਰਦਾਰਨੀ ਅੱਛਰ ਕੌਰ ਦੇ ਗ੍ਰਹਿ ਵਿਖੇ, ਪਾਕਿਸਤਾਨ ਵਿੱਚ ਰਹਿ ਗਏ ਪਿੰਡ ਖੋਖਰਵਾਲੀ, ਤਹਿਸੀਲ ਨਾਰੋਵਾਲ, ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ। ਆਪ ਜੀ ਨੇ ਸਖ਼ਤ ਮਿਹਨਤ ਨਾਲ ਉੱਚ ਸਿੱਖਿਆ ਪ੍ਰਾਪਤ ਕੀਤੀ। ਕਈ ਸਰਕਾਰੀ ਕਾਲਜਾਂ ਵਿਚ ਪ੍ਰੋਫੈਸਰ ਅਤੇ ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ ਨਡਾਲਾ, ਜ਼ਿਲ੍ਹਾ ਕਪੂਰਥਲਾ ਅਤੇ ਸਰਕਾਰੀ ਕਾਲਜ ਅਜਨਾਲਾ ਵਿਖੇ ਪ੍ਰਿੰਸੀਪਲ ਦੇ ਅਹੁਦੇ ਦੀਆਂ ਸੇਵਾਵਾਂ ਵੀ ਬਾਖ਼ੂਬੀ ਨਿਭਾਈਆਂ।

ਲੁਬਾਣਾ ਬਰਾਦਰੀ ਦੇ ਵਿੱਦਿਅਕ ਪੱਧਰ ਨੂੰ ਉੱਚਾ ਕਰਨ ਅਤੇ ਵੱਖ-ਵੱਖ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਵਾਲੀਆਂ ਲਗਭਗ ਹਰ ਸੁਧਾਰ ਕਮੇਟੀਆਂ ਦੇ ਆਪ ਜੀ ਮੋਹਰੀ ਮੈਂਬਰ ਰਹੇ ਅਤੇ ਉੱਚ ਕੋਟੀ ਦਾ ਯੋਗਦਾਨ ਦਿੱਤਾ। ਆਪ ਜੀ ਦੇ ਬੇਟੇ ਅਤੇ ਬੇਟੀਆਂ ਵੱਲੋਂ ਵੀ ਬਹੁਤ ਉੱਚ ਵਿੱਦਿਅਕ ਯੋਗਤਾ ਪ੍ਰਾਪਤ ਕਰਨ ਤੋਂ ਬਾਅਦ ਵੱਖ-ਵੱਖ ਖੇਤਰਾਂ ਵਿਚ ਉੱਚਾ ਸਮਾਜਿਕ ਯੋਗਦਾਨ ਪਾਇਆ।

ਪ੍ਰਿੰ. ਸਾਹਿਬ ਨੂੰ ਉਨ੍ਹਾਂ ਦੇ 100ਵੇਂ ਜਨਮ ਦਿਨ 'ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਬਹੁਤ-ਬਹੁਤ ਵਧਾਈਆਂ ਅਤੇ ਸ਼ੁਭ ਕਾਮਨਾਵਾਂ। ਅਸੀਂ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਪ੍ਰਿੰਸੀਪਲ ਸਾਹਿਬ ਹੋਰ ਲੰਮਾ ਸਮਾਂ ਬਰਾਦਰੀ ਦੀ ਸੇਵਾ ਕਰਨ ਹਿੱਤ ਸਾਡੇ ਸਾਰਿਆਂ ਦੇ ਵਿਚ ਹਾਜ਼ਰ ਰਹਿਣ। ਵਾਹਿਗੁਰੂ ਜੀ ਉਨ੍ਹਾਂ ਨੂੰ ਚੰਗੀ ਸਿਹਤਮੰਦ ਹੋਰ ਆਯੂ ਬਖ਼ਸ਼ਣ।

**ਇੰਜੀ. ਭਗਵਾਨ ਸਿੰਘ ਲੁਬਾਣਾ**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਅਤੇ ਸਮੂਹ ਪ੍ਰਬੰਧਕ ਕਮੇਟੀ**

# ਸਤੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਅਕਤੂਬਰ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ (ਸੀਨੀ. ਮੈਨੇਜਰ, (ਰਿਟਾ.)), ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ :-

ਅਕਤੂਬਰ ਮਹੀਨੇ ਦੀ ਕੁੱਲ ਆਮਦਨ - 9,04,966/- ਰੁਪਏ

ਅਕਤੂਬਰ ਮਹੀਨੇ ਦਾ ਕੁੱਲ ਖਰਚਾ - 9,00,751/- ਰੁਪਏ

2. **ਅਕਤੂਬਰ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 17.10.2025 ਨੂੰ ਕੱਤਕ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਬੜੇ ਹੀ ਸ਼ਰਧਾ-ਭਾਵ ਮਨਾਇਆ ਗਿਆ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਬਹੁਤ ਹੀ ਰੱਸਭਿੰਨਾਂ ਕੀਰਤਨ ਕਰਕੇ ਹਾਜ਼ਰ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ। ਸੀਨੀ. ਮੀਤ ਪ੍ਰਧਾਨ (ਹੈ.ਕੁ.), ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਹੈ. ਕੁ. ਨੇ ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਹਰ ਸੰਗਰਾਂਦ ਦੇ ਦਿਹਾੜੇ ਤੇ ਵੱਧ-ਚੜ੍ਹ ਕੇ ਹਾਜ਼ਰੀ ਭਰਨ ਲਈ ਉਤਸਾਹਿਤ ਕੀਤਾ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡਾ. ਅਕਸ਼ੇ ਠਾਕੁਰ (ਐਮ.ਡੀ.ਐਸ.) ਡੈਂਟਲ ਕਲੀਨਿਕ ਦਾ ਕੰਮ ਬਹੁਤ ਹੀ ਸ਼ਲਾਘਾਂ ਯੋਗ ਢੰਗ ਨਾਲ ਅਤੇ ਬੜੀ ਹੀ ਜ਼ਿੰਮੇਵਾਰੀ ਨਾਲ ਨਿਭਾ ਰਹੇ ਹਨ। ਚੰਗੀ ਗਿਣਤੀ ਵਿਚ ਮਰੀਜ਼ ਭਵਨ ਵਿਖੇ ਚਲ ਰਹੇ ਡੈਂਟਲ ਕਲੀਨਿਕ ਦੀਆਂ ਸੇਵਾਵਾਂ ਤੋਂ ਲਾਹਾ ਲੈ ਰਹੇ ਹਨ।

4. **ਗੁਰੂ ਲਾਧੋ ਰੇ ਦਿਵਸ ਮਨਾਉਣ ਸੰਬੰਧੀ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30ਏ, ਚੰਡੀਗੜ੍ਹ ਵਿੱਚ ਗੁਰੂ ਲਾਧੋ ਰੇ ਦਿਵਸ ਮਿਤੀ 12.10.2025 ਦਿਨ ਐਤਵਾਰ ਨੂੰ ਬੜੀ ਹੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸੀਨੀ. ਵਾਇਸ ਪ੍ਰਧਾਨ (ਹੈ.ਕੁ.) ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਨੇ ਸਟੇਜ ਸਕੱਤਰ ਵਜੋਂ ਆਪਣੀ ਭੂਮਿਕਾ ਨਿਭਾਈ । ਇਸ ਪਵਿੱਤਰ ਮੌਕੇ ਤੇ ਹਰਿਆਣਾ, ਪੰਜਾਬ, ਚੰਡੀਗੜ੍ਹ ਅਤੇ ਹਿਮਾਚਲ ਵਿੱਚੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਉਪਰੰਤ ਕਥਾਵਾਚਕ ਭਾਈ ਚਰਨਜੀਤ ਸਿੰਘ ਜੀ, ਗੁਰਦੁਆਰਾ ਅੰਬ ਸਾਹਿਬ ਵਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਜੀਵਨ ਨੂੰ ਲੈ ਕੇ ਤੱਥਾਂ ਸਹਿਤ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਉਪਰੰਤ ਭਾਈ ਅਮਨਦੀਪ ਸਿੰਘ ਜੀ, ਹਜ਼ੂਰੀ ਰਾਗੀ, ਦਰਬਾਰ ਸਾਹਿਬ ਅੰਮ੍ਰਿਤਸਰ ਨੇ ਬੜਾ ਹੀ ਰੱਸਭਿੰਨਾਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਕੌਮ ਦੀਆਂ ਮਾਨਯੋਗ ਸ਼ਖ਼ਸੀਅਤਾਂ ਨੇ ਇਸ ਮੌਕੇ ਤੇ ਆਪਣੀ ਹਾਜ਼ਰੀ ਭਰੀ ਜਿਹਨਾਂ ਦਾ ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ ਵਲੋਂ 'ਜੀ ਆਇਆ ਨੂੰ' ਆਖਿਆ ਗਿਆ ਅਤੇ ਉਹਨਾਂ ਦਾ ਇਸ ਦਿਵਸ ਤੇ ਪਹੁੰਚਣ ਤੇ ਧੰਨਵਾਦ ਕੀਤਾ। ਇਸ ਮੌਕੇ ਤੇ ਪੱਤਵੰਤੇ ਸੱਜਣਾ ਨੂੰ ਪ੍ਰਧਾਨ ਬੀ.ਐਮ.ਐਲ.ਐਫ਼., ਚੰਡੀਗੜ੍ਹ ਵੱਲੋਂ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿੱਚੋਂ ਸਰਦਾਰ ਸਰਬਜੀਤ ਸਿੰਘ ਲੁਬਾਣਾ, ਜ਼ਿਲ੍ਹਾ ਪ੍ਰਧਾਨ (ਆਮ-ਆਦਮੀ ਪਾਰਟੀ) ਕਪੂਰਥਲਾ ਅਤੇ

ਚੇਅਰਮੈਨ ਇੰਮਪਰੂਵਮੈਂਟ ਟਰੱਸਟ ਕਪੂਰਥਲਾ, ਸ਼੍ਰੀ ਮਨੀਸ਼ ਤਿਵਾਰੀ ਮੈਂਬਰ ਪਾਰਲੀਆਮੈਂਟ, ਚੰਡੀਗੜ੍ਹ ਨੇ ਆਪਣੀ ਹਾਜ਼ਰੀ ਉੱਚੇਚੇ ਤੌਰ ਤੇ ਦਰਜ ਕਰਾਈ। ਸਰਦਾਰ ਕੁਲਦੀਪ ਸਿੰਘ ਮੁਲਤਾਨੀ ਕਾਰਜਕਾਰਨੀ ਅੰਤ੍ਰਿੰਗ ਕਮੇਟੀ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਸਰਦਾਰ ਮੱਖਣ ਸਿੰਘ ਲੁਬਾਣਾ, ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਅੰਬਾਲਾ, ਸਰਦਾਰ ਐਸ.ਪੀ. ਸਿੰਘ ਲੁਬਾਣਾ, ਨੈਸ਼ਨਲ ਕੁਆਰਡੀਨੇਟਰ ਡੀ.ਐਨ.ਪੀ. ਇੰਡੀਅਨ ਨੈਸ਼ਨਲ ਕਾਂਗਰਸ, ਸ਼੍ਰੀ ਦੀਪਕ ਲੁਬਾਣਾ, ਯੂਥ ਪ੍ਰੈਸੀਡੈਂਟ ਇੰਡੀਅਨ ਨੈਸ਼ਨਲ ਕਾਂਗਰਸ, ਚੰਡੀਗੜ੍ਹ, ਸ. ਗੁਰਪ੍ਰੀਤ ਸਿੰਘ ਗਾਬੀ, ਐਮ.ਸੀ., ਮਿਉਂਸੀਪਲ ਕਾਰਪੋਰੇਸ਼ਨ,ਚੰਡੀਗੜ੍ਹ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਸਾਰਿਆਂ ਨੇ ਆਪਣੇ ਵੱਡਮੁੱਲੇ ਵਿਚਾਰ ਅਤੇ ਲੁਬਾਣਾ ਬਿਰਾਦਰੀ ਪ੍ਰਤੀ ਆਪਣੇ ਦਿਲ ਦੇ ਵੱਲਵਲੇ ਹਾਜ਼ਰ ਸੰਗਤਾਂ ਨਾਲ ਸਾਂਝੇ ਕੀਤੇ। ਵਿਲੱਖਣ ਅਤੇ ਮਾਣਮਤੀ ਸਖ਼ਸੀਅਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੂਰਵ ਪ੍ਰਧਾਨ ਬੀਬੀ ਜਗੀਰ ਕੌਰ ਜੀ ਸਿਹਤਯਾਬ ਨਾ ਹੋਣ ਕਾਰਣ ਸੰਗਤ ਦਰਸ਼ਨ ਲਈ ਹਾਜ਼ਰ ਨਾ ਹੋ ਸਕੇ ਪਰੰਤੂ ਉਹਨਾਂ ਨੇ ਆਪਣੇ ਸ਼ੁਭ ਵਿਚਾਰ ਅਤੇ ਇਛਾਵਾਂ ਪ੍ਰਧਾਨ ਜੀ ਨੂੰ ਫ਼ੋਨ ਦੇ ਮਾਧਿਅਮ ਨਾਲ ਦਰਜ ਕਰਾਈ।

"ਗੁਰੂ ਲਾਧੋ ਰੇ ਦਿਵਸ" ਦੇ ਮੌਕੇ ਤੇ ਸਾਬਕਾ ਡੀ.ਐਸ.ਪੀ. ਪ੍ਰਧਾਨ- ਬਾਬਾ ਮੱਖਣ ਸ਼ਾਹ ਸੋਸਾਇਟੀ, ਜਲੰਧਰ ਵਲੋਂ ਆਪਣੀ ਨੂੰਹ ਬੀਬੀ ਹਰਮਨ ਕੌਰ ਘੋਤੜਾ ਜੋ ਕਿ ਪਿਛਲੇ ਸਮੇਂ ਦੇ ਬੇਵਕਤ ਅਕਾਲ ਚਲਾਣਾ ਕਰ ਗਏ ਸਨ, ਉਹਨਾਂ ਦੀ ਮਿੱਠੀ ਯਾਦ ਨੂੰ ਸਮਰਪਿਤ ਪਰਿਵਾਰ ਵਲੋਂ ਇਕ ਲੱਖ ਰੁਪਏ ਸਾਡੀ ਫ਼ਾਉਂਡੇਸ਼ਨ ਨੂੰ ਐਜੂਕੇਸ਼ਨ ਫੰਡ ਲਈ ਦਿੱਤੇ। ਸਕਾਲਰਸ਼ਿਪ ਦੀ ਸਮੁੱਚੀ ਮੈਨੇਜਮੈਂਟ ਸ. ਮਹਿੰਦਰ ਸਿੰਘ, ਡੀ.ਐਸ.ਪੀ. (ਰਿਟਾ.) ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੀ ਅਤੇ ਉਹਨਾਂ ਵਲੋਂ ਇਸ ਨੇਕ ਕੰਮ ਲਈ ਦਿੱਤੀ ਗਈ ਰਾਸ਼ੀ ਲਈ ਉਹਨਾਂ ਦਾ ਧੰਨਵਾਦ ਕਰਦੀ ਹੈ।

5. **ਮੈਰਿਟ ਕਮ ਮੀਨਜ਼ ਸਕਾਲਰਸ਼ਿਪ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.) ਸੈਕਟਰ-30ਏ, ਚੰਡੀਗੜ੍ਹ ਵਲੋਂ ਗਰੀਬ ਅਤੇ ਹੋਣਹਾਰ ਵਿਦਿਆਰਥੀਆਂ ਦੀ ਵਿਦਿਆ ਨੂੰ ਮੁੱਖ ਰਖਦੇ ਹੋਏ ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਸਕੀਮ ਚਲਾਈ ਜਾ ਰਹੀ ਹੈ ਜਿਸ ਦੇ ਅਧੀਨ ਹਰ ਸਾਲ ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੀ ਜਾਂਦੀ ਹੈ।ਸਾਲ 2025-26 ਵਿੱਚ ਉਕਤ ਸਕਾਲਰਸ਼ਿਪ ਪ੍ਰਾਪਤ ਕਰਨ ਲਈ ਸਕਾਲਸ਼ਿਪ ਫ਼ਾਰਮ ਲੁਬਾਣਾ ਸੇਵਕ ਵਿਚ ਛਾਪਿਆ ਜਾ ਰਿਹਾ ਹੈ ਅਤੇ 9 ਵਜੇ ਸਵੇਰ ਤੋਂ ਲੈ ਕੇ 5 ਵਜੇ ਸ਼ਾਮ ਭਵਨ ਦੇ ਦਫ਼ਤਰ ਵਿੱਚੋਂ ਸਕਾਲਰਸ਼ਿਪ ਫ਼ਾਰਮ ਪ੍ਰਾਪਤ ਕੀਤਾ ਜਾ ਸਕਦਾ ਹੈ। ਉਕਤ ਸਕਾਲਰਸ਼ਿਪ ਫ਼ਾਰਮ ਦੀ ਕਾਪੀ ਤੁਸੀਂ ਭਵਨ ਦੇ ਮੋਬਾਇਲ ਨੰਬਰ 73470-65188 ਤੇ ਕਾਲ ਕਰਕੇ ਵਟਸ-ਐਪ, ਈ-ਮੇਲ ਰਾਹੀ ਪੀ.ਡੀ.ਐਫ਼ ਕਾਪੀ ਵੀ ਪ੍ਰਾਪਤ ਕਰ ਸਕਦੇ ਹੋ।

6. **ਜ਼ੋਨਲ ਪਲਾਨ ਵਿਚ ਸੁਧਾਰ ਸੰਬੰਧੀ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਦੇ ਜ਼ੋਨਲ ਪਲਾਨ ਵਿਚ ਸੁਧਾਰ ਹੋਣ ਦੀ ਸਥਿਤੀ ਜਿਉਂ ਦੀ ਤਿਓਂ ਬਣੀ ਹੋਈ ਹੈ। ਇਸ ਸੰਬੰਧ ਵਿਚ ਚੀਫ਼ ਆਰਕੀਟੈਕਟ ਡਿਪਾਰਟਮੈਂਟ, ਚੰਡੀਗੜ੍ਹ ਸੰਬੰਧਿਤ ਵਿਭਾਗ ਨਾਲ ਨਿਰੰਤਰ ਰਾਬਤਾ ਕਾਯਮ ਕੀਤਾ ਜਾ ਰਿਹਾ ਹੈ ਤਾਂ ਜੋ ਕਿ ਇਹ ਕਾਰਜ ਸੰਪੂਰਨ ਹੋ ਸਕੇ।


7. **ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ** -

(**ੳ**) ਭਵਨ ਵਿਖੇ ਮੇਨ ਆਡਿਟੋਰੀਅਮ ਦੀ ਸਟੇਜ ਦੀ ਹਾਲਤ ਬਰਸਾਤ ਦਾ ਪਾਣੀ ਰਿਸਣ ਕਰਕੇ ਖ਼ਾਫ਼ੀ ਲੰਬੇ ਸਮੇਂ ਤੋਂ ਬਹੁਤ ਹੀ ਖਰਾਬ ਸੀ, ਇਸ ਨੂੰ ਠੀਕ ਕਰਨ ਲਈ ਸਟੇਜ ਦੇ ਉੱਪਰ ਨਵੀਆਂ ਟਾਇਲਾਂ ਲਗਾਉਣ ਦਾ ਕੰਮ ਆਰੰਭ ਕੀਤਾ ਗਿਆ ਹੈ।

(**ਅ**) ਲੁਬਾਣਾ ਭਵਨ ਵਿਖੇ ਮੇਨ ਆਡਿਟੋਰੀਅਮ ਅਤੇ ਮਿਨੀ ਹਾਲ ਦੇ ਬਾਥਰੂਮਾਂ ਦੇ ਦਰਵਾਜ਼ਿਆਂ ਨੂੰ ਮੁਰੰਮਤ ਕਰਾਉਣ ਉਪਰੰਤ ਪੇਂਟ/ਪਾਲਿਸ਼ ਕੀਤਾ ਗਿਆ। ਇਸ ਦੇ ਨਾਲ ਹੀ ਪਾਰਕਿੰਗ ਏਰੀਆ ਦੇ ਵਿੱਚ ਮੌਜੂਦ ਦਰਖ਼ੱਤਾਂ ਦੇ ਤਨਿਆਂ ਨੂੰ ਵੀ ਸਫ਼ੈਦੀ ਕੀਤੀ ਗਈ।

(**ੲ**) ਲੁਬਾਣਾ ਭਵਨ ਦੀ ਬਿਲਡਿੰਗ ਨੂੰ ਗੁਰੂ ਲਾਧੋ ਰੇ ਦਿਵਸ ਅਤੇ ਦੀਵਾਲੀ ਤੋਂ ਪਹਿਲਾਂ ਲਾਈਟਾਂ ਅਤੇ ਲੜੀਆਂ ਲਗਾ ਕੇ ਰੋਸ਼ਨ ਕੀਤਾ ਗਿਆ।


# ਬਮਸ਼ਲ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਭਵਨ ਵਿਖੇ ਮਨਾਏ ਗਏ ਗੁਰੂ ਲਾਧੋ ਰੇ ਦਿਵਸ ਦੀਆਂ ਯਾਦਗਾਰੀ ਤਸਵੀਰਾਂ







# ਮਿਤੀ 17-10-2025 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਕੱਤਕ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ











**ਇੱਕ ਹੀ ਜ਼ਿੰਦਗੀ ਹੈ, ਪਰ ਜੇ ਤੁਸੀਂ ਇਸ ਨੂੰ ਚੰਗੀ ਤਰ੍ਹਾਂ ਜੀਓ ਤਾਂ ਇਕ ਹੀ ਕਾਫ਼ੀ ਹੈ।**

# ਨਾਟਕ ਹੀ ਨਾਟਕ

**ਸਤਵਿੰਦਰ ਸਿੰਘ ਬੇਗੋਵਾਲੀਆ**

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੁਬੀ 'ਸੰਪਾਦਕ'**



**ਸਤਵਿੰਦਰ ਸਿੰਘ ਬੇਗੋਵਾਲੀਆ**

**ਦ੍ਰਿਸ਼ ਚੌਥਾ**

**ਸਥਾਨ** : ਇੱਕ ਸ਼ਹਿਰ ਦਾ 'ਸ਼ਹੀਦ-ਭਵਨ'। ਭਵਨ ਦੇ ਅੱਗੇ ਲਾਅਨ ਹੈ, ਜਿਸ ਵਿੱਚ ਚਾਰ ਪੰਜ ਕੁਰਸੀਆਂ ਹਨ ਅਤੇ ਇੱਕ ਟੇਬਲ ਵੀ ਪਿਆ ਹੈ, ਟੇਬਲ ਉੱਪਰ ਕੁੱਝ ਅਖ਼ਬਾਰਾਂ ਪਈਆਂ ਹਨ। ਸਨਮ ਇੱਕ ਕੁਰਸੀ 'ਤੇ ਬੈਠਾ ਆਪਣੀ ਲਿਖੀ ਪੁਸਤਕ ਦੇ ਇੱਕ ਨਾਟਕ 'ਤੇ ਨਜ਼ਰ ਮਾਰ ਰਿਹਾ ਹੈ।

**ਸਨਮ** : (ਆਪਣੇ ਆਪ ਨਾਲ) ਅੱਜ ਇਹਨਾਂ ਭਵਨ ਦੇ ਮਾਲਕਾਂ ਨਾਲ ਵੀ ਦੋ ਹੱਥ ਕਰਨੇ ਈ ਪੈਣਗੇ। ਹਰ ਵਾਰ ਇਹੋ ਕਹਿੰਦੇ ਨੇ- 'ਕਰਾਂਤੀਕਾਰੀ ਨਾਟਕ ਲਿਆਓ।' ਇਹਨੂੰ ਪੁੱਛੇ ਕੋਈ ਜਿਹੜੀਆਂ ਚੁਣੌਤੀਆਂ ਸਮਾਜ ਨੂੰ ਅੱਜ ਦਰਪੇਸ਼ ਨੇ, ਇਹਨਾਂ ਬਾਰੇ ਲਿਖੇ ਨਾਟਕ ਨੂੰ ਤੁਸੀਂ ਕਿਵੇਂ ਨਕਾਰ ਸਕਦੇ ਹੋ? ਆ ਗਏ ਵੱਡੇ ਸ਼ਹੀਦਾਂ ਦੇ ਵਾਰਸ! ਪ੍ਰਧਾਨ ਨੂੰ ਉਡੀਕਦੇ ਘੰਟਾ ਹੋ ਗਿਐ, ਸੈਕਟਰੀ ਕਹਿੰਦਾ ਸੀ ਅੱਧੇ ਘੰਟੇ ਬਾਅਦ ਆ ਜਾਣਗੇ। ਇਹ ਲੋਕ ਆਪ ਹੀ ਸਮੇਂ ਦੀ ਕਦਰ ਨਹੀਂ ਕਰਦੇ, ਕੀ ਲਿਆਉਣਗੇ ਇਹ ਕਰਾਂਤੀ।

(ਇੱਕ ਵਿਅਕਤੀ ਆ ਕੇ ਕੁਰਸੀ 'ਤੇ ਬੈਠ ਜਾਂਦਾ ਹੈ)

ਤੁਸੀਂ ਪ੍ਰਧਾਨ ਸਾਹਿਬ ਹੋ?

**ਵਿਅਕਤੀ** : ਹਾਂ, ਦੱਸੋ?

**ਸਨਮ** : ਤੁਹਾਡੇ ਨਾਲ ਫ਼ੂਨ 'ਤੇ ਗੱਲ ਹੋਈ ਸੀ, ਤੁਹਾਡੇ ਕਹਿਣ 'ਤੇ ਮੈਂ ਤੁਹਾਡੇ ਸੈਕਟਰੀ ਕੋਲ ਸਕਰਿਪਟ ਛੱਡ ਗਿਆ ਸੀ। ਤੁਹਾਨੂੰ ਨਾਟਕ ਕਿਵੇਂ ਲੱਗੈ?

**ਪ੍ਰਧਾਨ** : ਮੈਂ ਤਾਂ ਪੜ੍ਹਿਆ ਨਹੀਂ, ਸੈਕਟਰੀ ਨੇ ਪੜ੍ਹਿਆ ਹੋਵੇਗਾ.....

**ਸਨਮ** : ਉਹਨਾਂ ਬਿਨਾਂ ਵਜ੍ਹਾ ਨਾਟਕ ਨੂੰ ਪ੍ਰੋਗਰਾਮ ਲਈ ਰਿਜੈਕਟ ਕਰ ਦਿੱਤੈ।

**ਪ੍ਰਧਾਨ** : ਨਾਟਕ ਵਿੱਚ ਕੋਈ ਗੱਲ ਲੱਭੀ ਨਹੀਂ ਹੋਣੀ।

**ਸਨਮ** : ਤੁਸੀਂ ਆਪ ਪੜ੍ਹ ਕੇ ਵੇਖ ਲਉ ਮੇਰੇ ਸਾਹਮਣੇ। ਮੇਰੇ 'ਮੰਚ' ਨਾਟਕ ਵਿਚਲੇ ਮਹਾਤਮਾ ਅਤੇ ਚੇਲੇ ਦਾ ਪਾਤਰ ਪੜ੍ਹ ਕੇ ਤੁਹਾਡੀ ਸੈਕਟਰੀ ਗਲਤ ਧਾਰਨਾ ਬਣਾ ਕੇ ਬਹਿ ਗਿਆ ਤੇ ਮੈਨੂੰ ਕਿਹ ਦਿੱਤਾ-ਇਹ ਨਾਟਕ ਧਾਰਮਿਕ ਏ। ਪਰ ਉਹ ਨਾਟਕ ਧਾਰਮਿਕ ਨਹੀਂ, ਸਗੋਂ ਅਜੋਕੇ ਮਨੁੱਖ ਦੀ ਬਿਮਾਰ ਮਾਨਸਿਕਤਾ 'ਤੇ ਇੱਕ ਵਿਅੰਗ ਏ।

(ਸੈਕਟਰੀ ਆਉਂਦਾ ਹੈ)

**ਪ੍ਰਧਾਨ** : ਤੁਸੀਂ ਇਹਨਾਂ ਦਾ ਨਾਟਕ ਪੜ੍ਹਿਆ ਸੀ?

**ਸੈਕਟਰੀ** : ਕੁੱਝ ਨਹੀਂ ਸੀ ਉਸ ਨਾਟਕ ਵਿੱਚ, ਅਸੀਂ ਲੋਕਾਂ ਨੂੰ ਸੇਧ ਦੇਣ ਵਾਲੀ ਗੱਲ ਵਿਖਾਉਣੀ ਹੁੰਦੀ ਹੈ ਨਾ ਕਿ ਕੂੜਾ ਕਰਕਟ।

**ਸਨਮ** : ਤੁਸੀਂ ਇਸ ਨਾਟਕ ਨੂੰ ਕੂੜਾ ਕਰਕਟ ਕਿਸ ਅਧਾਰ 'ਤੇ ਕਹਿ ਰਹੇ ਹੋ? ਜਦ ਕਿ ਤੁਸੀਂ ਇਹਨੂੰ ਪੜ੍ਹਿਆ ਹੀ ਨਹੀਂ। ਮਾਹਿਰਾਂ ਨੇ ਇਸ ਪੁਸਤਕ ਬਾਰੇ ਅਖ਼ਬਾਰਾਂ ਵਿੱਚ ਲਿਖਿਐ-ਤੁਸੀਂ ਪੜ੍ਹ ਸਕਦੇ ਹੋ।

(ਫਾਈਲ ਵਿੱਚ ਸਾਂਭੀਆਂ ਅਖ਼ਬਾਰਾਂ ਸੈਕਟਰੀ ਅੱਗੇ ਕਰਦਾ ਹੈ)

**(ਚਲਦਾ)**

# ਗੁਰ ਸਾਗਰ ਦੇ ਸੁੱਚੇ ਮੋਤੀ

**ਸਿੰਘ ਸਾਹਿਬ ਗਿਆਨੀ ਚੇਤ ਸਿੰਘ**

## ਇੱਕ ਅਸਚਰਜ ਘਟਨਾ

ਆਪ ਜੀ ਲਿਖਦੇ ਹਨ ਕਿ ਅਕਤੂਬਰ ੧੯੪੫ ਵਿੱਚ ਦਾਸ ਨੂੰ ਟਾਈਫਾਇਡ ਬੁਖਾਰ ਹੋ ਗਿਆ। ਬੁਖਾਰ ਲਗਾਤਾਰ ਤਿੰਨ ਹਫ਼ਤੇ ਰਿਹਾ। ਕਮਜ਼ੋਰੀ ਸਰੀਰ ਵਿੱਚ ਬਹੁਤ ਹੋ ਗਈ। ਉਠਨ ਬੈਠਨ ਤੋਂ ਰਹਿ ਗਿਆ। ਸੋਚਦਾ ਸਾਂ ਕਿ ਹੁਣ ਅੰਤ ਸਮਾਂ ਨੇੜੇ ਆ ਗਿਆ ਜਾਪਦੈ। ਬਹੁਤ ਚਿੰਤਾਤੁਰ ਹੋ ਕੇ ਇਕਾਗਰਤਾ ਨਾਲ ਬੇਨਤੀ ਕੀਤੀ ਕਿ ਹੇ ਦਾਤਾਰ ਪਿਤਾ ਜੀ, ਕਈ ਦਿਨ ਦੇ ਬੁਖਾਰ ਨਾਲ ਸਰੀਰ ਨਿਰਬਲ ਹੋ ਗਿਆ ਹੈ। ਸਰੀਰ ਦਾ ਹੁਣ ਕੋਈ ਭਰੋਸਾ ਨਹੀਂ। ਜੇਕਰ ਕਸ਼ਟ ਨਾ ਸਮਝੋ ਤਾਂ ਇਸ ਅੰਤ ਸਮੇਂ ਮੇਰੀ ਬੇਨਤੀ ਪ੍ਰਵਾਨ ਕਰਕੇ ਦਰਸ਼ਨ ਦੀ ਬਖਸ਼ਿਸ਼ ਕਰ ਦੇਵੋ ਤਾਂ ਮੇਰਾ ਸੰਸਾਰ ਵਿੱਚ ਆਉਣਾ ਸਫਲ ਹੋ ਜਾਵੇਗਾ। ਇਹ ਇੱਕ ਜੋਦੜਾ ਸੀ, ਤਰਲਾ ਸੀ, ਪਤਾ ਨਹੀਂ ਕਿਸ ਅਗੰਮੀ ਸ਼ਕਤੀ ਨੇ ਬਾਬਾ ਜੀ ਨੂੰ ਪ੍ਰੇਰਿਆ ਅਤੇ ਆਪ ਨੇ ਅਗਲੇ ਦਿਨ ਹੀ ਮੁਰਾਲੇ ਤੋਂ ਚੱਲ ਕੇ ਰਾਤ ਨੂੰ ਨੌਂ ਵਜੇ ਟਾਂਡੇ, ਦਾਸ ਦੇ ਘਰ ਪਹੁੰਚ ਕੇ ਦਰਸ਼ਨ ਦਿੱਤੇ। ਦਾਸ ਦਰਸ਼ਨ ਕਰ ਕੇ ਗਦ-ਗਦ ਹੋ ਗਿਆ। ਉੱਠ ਕੇ ਚਰਨ ਪਰਸਨ ਦਾ ਜਤਨ ਕੀਤਾ, ਪਰ ਨਾ ਹੀ ਉੱਠਿਆ ਜਾਵੇ ਤੇ ਨਾ ਹੀ ਆਪ ਜੀ ਨੇ ਮੈਨੂੰ ਉਠਣ ਹੀ ਦਿੱਤਾ। ਬੜੇ ਖੁਸ਼ੀ ਭਰੇ ਲਹਿਜੇ ਵਿੱਚ ਹੱਸ ਕੇ ਕਹਿਣ ਲੱਗੇ - ਗੁਰਮੁਖਾ ਤਕੜਾ ਹੋ, ਅਜੇ ਤਾਂ ਅਸੀਂ ਤੇਰੇ ਪਾਸੋਂ ਬਹੁਤ ਸੇਵਾ ਲੈਣੀ ਹੈ, ਚਿੰਤਾ ਨਾ ਕਰ। ਇਹ ਬਚਨ ਸੀ ਕਿ ਕੋਈ ਜਾਦੂ ਸੀ ਇਸ ਅਸ਼ੀਰਵਾਦ ਨਾਲ ਬੁਖਾਰ ਟੁੱਟ ਗਿਆ। ਸਰੀਰ ਵਿੱਚੋਂ ਕਮਜ਼ੋਰੀ ਭੀ ਘਟੀ, ਹੌਂਸਲਾ ਕਰਕੇ ਪੜ੍ਹਾਉਣ ਦੀ ਸੇਵਾ ਸ਼ੁਰੂ ਕਰ ਦਿੱਤੀ ਪਰ ਸਰੀਰ ਖੇਚਲ ਨਾ ਸਹਾਰ ਸਕਿਆ ਤੇ ਡਰ ਸੀ ਕਿ ਕਿਧਰੇ ਫਿਰ ਨਾ ਬੁਖਾਰ ਹੋ ਜਾਵੇ। ਇਸ ਲਈ ਮੈਂ ਮਈ ੧੯੪੬ ਵਿਚ ਅਸਤੀਫਾ ਦੇ ਦਿੱਤਾ। ਗੁਜਰਾਤ ਮੀਟਿੰਗ ਸੀ। ਦਾਸ ਨੇ ਹੌਂਸਲਾ ਕੀਤਾ, ਉਸ ਮੀਟਿੰਗ ਵਿੱਚ ਸ਼ਾਮਲ ਹੋਇਆ। ਬਾਬਾ ਜੀ ਦੇ ਪਾਸ ਹੀ ਬੈਠਾ ਸਾਂ। ਬਾਬਾ ਜੀ ਆਪਣੀ ਜੇਬ ਵਿਚੋਂ ਅਸਤੀਫਾ ਕੱਢ ਕੇ ਕਹਿਣ ਲੱਗੇ- ਅਸਤੀਫਾ ਪਾੜ ਦਈਏ। ਮੈਂ ਹੱਥ ਜੋੜ ਬੇਨਤੀ ਕੀਤੀ-ਜੀ ਆਪ ਮਾਲਕ ਹੋ, ਜਿਸ ਤਰ੍ਹਾਂ ਚਾਹੋ। ਕਹਿਣ ਲੱਗੇ-ਜਿਤਨਾ ਚਿਰ ਸਾਡਾ ਸਰੀਰ ਹੈ, ਤੈਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ। ਤੈਨੂੰ ਦੋ ਮਹੀਨੇ ਦੀ ਛੁੱਟੀ ਸਮੇਤ ਤਨਖਾਹ ਦਿੱਤੀ ਜਾਂਦੀ ਹੈ। ਡਲਹੌਜ਼ੀ, ਸ਼ਿਮਲਾ ਆਦਿ ਕਿਸੇ ਪਹਾੜ ਤੇ ਜਾ ਕੇ ਆਪਣੀ ਸਿਹਤ ਠੀਕ ਕਰ ਕੇ ਅਰਾਮ ਕਰ। ਮੈਂ ਕਿਹਾ-ਗਰੀਬ ਨਿਵਾਜ! ਆਪ ਜੀ ਦਾ ਹੁਕਮ ਸਿਰ ਮੱਥੇ ਤੇ। ਕਹਿਣ ਲੱਗੇ-ਦੋ ਮਹੀਨੇ ਅਰਾਮ ਕਰਕੇ ਆਪਣੀ ਡਿਊਟੀ ਫਿਰ ਆ ਕੇ ਸੰਭਾਲ ਲਵੀਂ।

ਦੋ ਮਹੀਨੇ ਆਰਾਮ ਕਰਨ ਪਿਛੋਂ ਸਰੀਰ ਕਾਫੀ ਠੀਕ ਹੋ ਗਿਆ। ਮੈਂ ਫਿਰ ਆ ਕੇ ਪੜ੍ਹਾਉਣ ਦੀ ਸੇਵਾ ਸੰਭਾਲ ਲਈ ਤੇ ਪਾਕਿਸਤਾਨ ਬਣਨ ਤੱਕ ਟਾਂਡੇ ਹਾਈ ਸਕੂਲ ਵਿੱਚ ਹੈੱਡ ਮਾਸਟਰ ਦੀ ਡਿਊਟੀ ਕਰਦਾ ਰਿਹਾ।

ਸ. ਪ੍ਰੇਮ ਸਿੰਘ ਜੀ ਨੇ ਮਹਾਂਪੁਰਖ ਬਾਬਾ ਪ੍ਰੇਮ ਸਿੰਘ ਜੀ ਦੇ ਹੱਥਾਂ ਦਾ ਇੱਕ ਖ਼ਤ ਲਿਖਿਆ ਭੇਜਿਆ ਹੈ -

ਆਪ ਲਿਖਦੇ ਹਨ ਕਿ ਪਾਕਿਸਤਾਨ ਬਣਨ ਪਿੱਛੋਂ ਭੀ ਦਾਸ ਨੂੰ ਬਾਬਾ ਜੀ ਦੀਆਂ ਅਸੀਸਾਂ ਮਿਲਦੀਆਂ ਰਹੀਆਂ ਹਨ।

ਉਨ੍ਹਾਂ ਦੇ ਹੱਥਾਂ ਦਾ ਲਿਖਿਆ ਇਹ ਖ਼ਤ (ਪੋਸਟ ਕਾਰਡ), ਇਹ ਅਮੋਲਕ ਪ੍ਰੇਮ ਨਿਸ਼ਾਨੀ ਮੇਰੇ ਪਾਸ ਸੀ, ਜੋ ਤੁਹਾਨੂੰ ਭੇਜ ਰਿਹਾ ਹਾਂ। ਆਪ ਖਿਦੇ ਹਨ ਕਿ ਇੱਕ ਪ੍ਰੇਮ ਭਰੀ ਅਮੋਲਕ ਯਾਦ, ਉਨ੍ਹਾਂ ਦੇ ਗੁਰਬਾਣੀ ਦੇ ਕੀਰਤਨ ਦੀ ਹੈ, ਜੋ ਹਮੇਸ਼ਾ ਦਿਮਾਗ਼ ਵਿੱਚ ਵੱਸ ਰਹੀ ਹੈ ਤੇ ਟੇਪ ਰਿਕਾਰਡ ਦੀ ਤਰ੍ਹਾਂ ਹੁਣ ਤੱਕ ਉਸ ਸੋਹਣੇ ਮੁੱਖ ਤੋਂ ਤੇ ਕੋਇਲ ਵਰਗੇ ਗਲੇ ਤੋਂ ਕੰਨਾਂ ਵਿੱਚ ਸੁਣਾਈ ਦੇ ਰਹੀ ਹੈ। ਜੈਸਾ ਕਿ -

**ਜੈਤਸਰੀ ਮਹਲਾ ੫॥**

**ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥**

**ਤਿਸੁ ਮੋਹਨੁ ਪਿਆਰੇ ਹਉ ਫਿਰਉ ਖੋਜੰਤੀਆ॥**

(ਪੰਨਾ ੭੦੩)

**ਸੂਹੀ ਮਹਲਾ ੫॥**

**ਗੁਰੁ ਸੁੰਦਰ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨ ਮਾਰਿਆ॥**

**ਮੇਰੇ ਹਿਰਦੇ ਸੁਧਿ ਬੁਧਿ ਵਿਸਰਿ ਗਈ ਮਨੁ ਆਸਾ ਚਿੰਤ ਵਿਸਾਰਿਆ॥**

(ਪੰਨਾ ੭੭੯)

ਜਦੋਂ ਇਹ ਸ਼ਬਦ ਪੜ੍ਹਦੇ ਸਨ ਤਾਂ ਕਲੇਜੇ ਨੂੰ ਧੂਹ ਪੈਂਦੇ ਸੀ ਤੇ ਸਰੋਤਿਆਂ ਦੀਆਂ ਸਮਾਧੀਆਂ ਲੱਗ ਜਾਂਦੀਆਂ ਸਨ। ਇਸ ਤਰ੍ਹਾਂ ਹੋਰ ਭੀ ਕਈ ਅਦਭੁਤ ਲੀਲਾਂ ਉਨ੍ਹਾਂ ਦੀਆਂ ਅੱਖੀਂ ਵੇਖੀਆਂ ਹਨ। ਮੈਨੂੰ ਬਹੁਤਾ ਲਿਖਣ ਦੀ ਲੋੜ ਨਹੀਂ, ਤੁਸੀਂ ਉਨ੍ਹਾਂ ਦੇ ਨਾਲ ਕਈ ਸਾਲ ਰਹੇ ਹੋ, ਤੁਹਾਡੇ ਨਾਲੋਂ ਹੋਰ ਬਹੁਤਾ ਪਤਾ ਕਿਸ ਨੂੰ ਹੋ ਸਕਦਾ ਹੈ।

ਚਲਦਾ

**ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।**

# ਸਚੁ ਸੁਣਾਇਸੀ ਸੱਚ ਕੀ ਬੇਲਾ



**ਸੁਰਿੰਦਰ ਸਿੰਘ ਰੂਬੀ**
**ਸੰਪਾਦਕ**

## (1) ਨਵੇਂ ਸਮਝੌਤਿਆਂ ਨਾਲ ਭਾਰਤੀ ਵਪਾਰ ਬਜ਼ਾਰ ਲਈ ਨਵੇਂ ਰਸਤੇ ਖੁੱਲ੍ਹੇ



ਭਾਰਤ ਵੱਲੋਂ ਯੂਰਪੀ ਵਪਾਰ ਸੰਘ ਜਿਸ ਵਿਚ ਪ੍ਰਮੁੱਖ ਮੈਂਬਰ ਸਵਿਟਜ਼ਰਲੈਂਡ, ਨਾਰਵੇ, ਆਇਸਲੈਂਡ ਅਤੇ ਲਿਕਟੇਸਟੀਨ ਹਨ ਨਾਲ 1 ਅਕਤੂਬਰ 2025 ਤੋਂ ਸ਼ੁਰੂ ਹੋਇਆ ਸਾਂਝਾ ਆਰਥਿਕ ਤੇ ਵਿਉਪਾਰ ਸਮਝੌਤਾ ਭਾਰਤੀ ਵਿਉਪਾਰ ਲਈ ਖੁਸ਼ਹਾਲੀ ਦੇ ਨਵੇਂ ਰਸਤੇ ਖੋਹਲਣ ਵਾਲਾ ਸਿੱਧ ਹੋਵੇਗਾ। ਭਾਰਤ ਨੇ 1 ਲੱਖ ਅਮਰੀਕਨ ਡਾਲਰ ਤੋਂ ਵੱਧ ਆਮਦਨ ਵਾਲੇ ਉਕਤ ਯੂਰਪੀਅਨ ਦੇਸ਼ਾਂ ਨਾਲ ਵਪਾਰ ਸਮਝੌਤਾ ਕੀਤਾ ਹੈ। ਇਸ ਨਾਲ ਭਾਰਤੀ ਕਿਸਾਨਾਂ, ਮਛੇਰਿਆਂ, ਸੂਖਮ ਤੇ ਛੋਟੇ ਵਿਉਪਾਰਕ ਉਦਮੀਆਂ ਲਈ ਇਕ ਲਾਭਦਾਇਕ ਬਜ਼ਾਰ ਤੱਕ ਪਹੁੰਚ ਕਰਨ ਲਈ ਨਵਾਂ ਰਾਹ ਖੁੱਲ੍ਹ ਗਿਆ ਹੈ। ਭਾਰਤ ਨੇ ਜਿੱਥੇ ਜੁਲਾਈ 2025 ਵਿਚ ਬ੍ਰਿਟੇਨ ਨਾਲ ਇਕ ਇਤਿਹਾਸਕ ਸਮਝੌਤਾ ਕੀਤਾ ਹੈ, ਉਥੇ ਯੂਰਪੀ ਸੰਘ ਨਾਲ ਉਕਤ ਸਮਝੌਤਾ ਭਾਰਤੀ ਅਰਥ ਵਿਵਸਥਾ ਨੂੰ ਹੁਲਾਰਾ ਦੇਣ ਵੱਲ ਇਕ ਵੱਡਾ ਇਤਿਹਾਸਕ ਕਦਮ ਹੈ। ਇਸ ਤੋਂ ਪਹਿਲਾਂ ਆਸਟ੍ਰੇਲੀਆ ਅਤੇ ਸੰਯੁਕਤ ਅਰਬ ਅਮੀਰਾਤ ਨਾਲ ਵੀ ਲਾਭਦਾਇਕ ਸਮਝੌਤੇ ਹੋਏ ਹਨ। ਭਾਰਤੀ ਸਰਕਾਰ ਨੇ (ਐਫ.ਟੀ.ਏ.) ਮੁਕਤ ਵਪਾਰ ਨੂੰ ਅਪਣਾਇਆ ਹੈ। ਇਸ ਅਧੀਨ ਸਾਡੀਆਂ ਸੇਵਾਵਾਂ ਅਤੇ ਉਤਪਾਦਾਂ ਨੂੰ ਇਹ ਵਿਸ਼ਵ ਭਰ ਦੀਆਂ ਵਿਕਸਿਤ ਬਜ਼ਾਰਾਂ ਵਿਚ ਪਹੁੰਚਾਉਂਦੇ ਹਨ। ਇਹ ਸਮਝੌਤੇ ਸਾਡੇ ਉਦਯੋਗਾਂ ਨੂੰ ਵਿਸ਼ਵ ਮੁਕਾਬਲੇ ਦੇ ਪੱਧਰ ਤੇ ਵਿਕਸਿਤ ਕਰਨ ਅਤੇ ਦੇਸ਼ ਨੂੰ ਅੱਗੇ ਵਧਣ ਵਿਚ ਮੱਦਦ ਕਰਦੇ ਹਨ। ਇਕੱਲੇ ਪੀ.ਐਲ.ਆਈ. ਯੋਜਨਾ ਨੇ ਮਾਰਚ 2025 ਤੱਕ 1.76 ਲੱਖ ਕਰੋੜ ਰੁਪਏ ਦਾ ਨਿਵੇਸ਼ ਦੇਸ਼ ਵੱਲ ਖਿੱਚਿਆ ਹੈ। ਹੁਣ ਏ.ਐਫ.ਟੀ.ਏ. ਦੇ 100 ਬਿਲੀਅਨ ਡਾਲਰ ਦੇ ਨਿਵੇਸ਼ ਨਾਲ ਪ੍ਰਤੱਖ ਅਤੇ ਅਪ੍ਰਤੱਖ 10 ਲੱਖ ਰੁਜ਼ਗਾਰ ਸਿਰਜਿਤ ਹੋਣ ਦੀ ਆਸ ਬਣੀ ਹੈ। ਐਫ.ਡੀ.ਆਈ. ਤੋਂ ਇਲਾਵਾ ਇਸ ਨਾਲ ਖੇਤੀਬਾੜੀ ਉਤਪਾਦਾਂ, ਚਾਹ ਅਤੇ ਕਾਫੀ ਦੇ ਨਿਰਯਾਤ ਨੂੰ ਬਲ ਮਿਲੇਗਾ। ਉਥੇ ਦਾਲਾਂ, ਫਲ, ਸਬਜ਼ੀਆਂ, ਬਾਜਰਾ, ਕਾਜੂ ਅਤੇ ਚੋਲਾਂ ਦੇ ਵਪਾਰ ਨੂੰ ਵੱਧ ਮੌਕੇ ਮਿਲਣਗੇ। ਇਸ ਨਾਲ ਨਵੇਂ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ। ਵਿਸ਼ਵ ਮੁਕਾਬਲੇ ਵਿਚ ਆਪਣੀ ਛਾਪ ਛੱਡਣ ਦੇ ਆਤਮ-ਵਿਸ਼ਵਾਸ ਨਾਲ ਭਰਿਆ ਭਾਰਤੀ ਉਦਯੋਗ ਜਗਤ ਇਹਨਾਂ ਫੈਸਲਿਆਂ ਅਤੇ ਚੰਗੀਆਂ ਸੰਭਾਵਨਾਵਾਂ ਨੂੰ ਆਉਣ ਵਾਲੇ ਸਮੇਂ ਵਿਚ ਭਰਪੂਰ ਫਾਇਦਾ ਉਠਾ ਕੇ ਹੀ ਰਹੇਗਾ।

## (2) ਗੁਰੂ ਨਾਨਕ ਦੇਵ ਜੀ ਦੇ ਮੁੱਢਲੇ ਸਿੱਖਿਆ ਸਿਧਾਂਤਾਂ ਦੇ ਖਿਲਾਫ਼ ਹੈ ਪਾਕਿਸਤਾਨ ਸਰਕਾਰ ਦਾ ਨਨਕਾਣਾ ਸਾਹਿਬ ਜਥੇ ਵਿਚੋਂ ਹਿੰਦੂ ਸ਼ਰਧਾਲੂਆਂ ਨੂੰ ਰੋਕਣਾ

ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਤੇ ਪਾਕਿਸਤਾਨ ਯਾਤਰਾ ਤੇ ਜਾ ਰਹੇ ਨਾਨਕ ਨਾਮ ਲੇਵਾ ਸੰਗਤਾਂ ਦੇ ਜਥੇ ਵਿਚੋਂ 12 ਹਿੰਦੂ



ਯਾਤਰੀਆਂ ਨੂੰ ਪਾਕਿਸਤਾਨ ਸਰਕਾਰ ਵੱਲੋਂ ਬਾਰਡਰ ਤੇ ਇਹ ਕਹਿ ਕੇ ਰੋਕ ਲੈਣਾ ਕਿ ਉਹ ਸਿੱਖ ਨਹੀਂ ਹਨ, ਗੁਰੂ ਨਾਨਕ ਜੀ ਦੇ ਸਰਬ ਸਾਂਝੀ ਮਨੁੱਖਤਾ ਤੇ ਸਾਂਝੀਵਾਲਤਾ ਦੇ ਮੂਲ ਸਿਧਾਂਤ ਨੂੰ ਤਿਲਾਂਜਲੀ ਦੇਣ ਦੀ ਕੋਸ਼ਿਸ਼ ਹੈ। 12 ਹਿੰਦੂ ਯਾਤਰੀ ਜਿਨ੍ਹਾਂ ਕੋਲ ਸਹੀ ਵੀਜ਼ਾ ਅਤੇ ਕਾਗ਼ਜਾਤ ਸਨ, ਨੂੰ ਇਸ ਤਰ੍ਹਾਂ ਰੋਕਣਾ ਪਾਕਿਸਤਾਨ ਸਰਕਾਰ ਦੀ ਡੂੰਘੀ ਮੰਦਭਾਵਨਾ ਤੇ ਗੁਰੂ ਨਾਨਕ ਦੇਵ ਜੀ ਦੇ ਸੱਭੇ ਸਾਂਝੀਵਾਲ ਸਦਾਇਣ ਕੋਇ ਨਾ ਦਿਸੇ ਬਾਹਰਾ ਜੀਓ ਦੇ ਸਿਧਾਂਤ ਨੂੰ ਨਾ ਮੰਨਣਾ ਹੀ ਦਰਸਾਉਂਦਾ ਹੈ। ਸਮੁੱਚੀ ਮਨੁੱਖਤਾ ਵਿਚ ਬਰਾਬਰਤਾ ਦੇ ਸਿਧਾਂਤ ਨੂੰ ਤਿਲਾਂਜਲੀ ਦੇਣਾ ਪਾਕਿਸਤਾਨ ਸਰਕਾਰ ਦੇ ਵੰਡ ਪਾਊ ਸਿਧਾਂਤ ਨੂੰ ਮੰਨ ਕੇ ਚੱਲਣ ਦੀ ਸੋਚ ਨੂੰ ਉਜਾਗਰ ਕਰਦੀ ਹੈ। ਪਿੱਛੇ ਜਿਹੇ ਪਾਕਿ ਸੈਨਾ ਮੁਖੀ ਦੇ ਇਕ ਬਿਆਨ ਜਿਸ ਵਿਚ ਉਸ ਨੇ ਕਿਹਾ ਸੀ ਕਿ ਹਿੰਦੂ ਅਤੇ ਮੁਸਲਮਾਨ ਵੱਖ-ਵੱਖ ਕੌਮਾਂ ਹਨ। ਅਸੀਂ ਹਿੰਦੂ ਨਹੀਂ ਹੋ ਸਕਦੇ, ਅਜਿਹੀਆਂ ਕਾਰਵਾਈਆਂ ਦਾ ਸ਼ਰੇਆਮ ਮੁੱਢ ਬੰਨਣਾ ਹੀ ਸੀ। ਜਿਸ ਨੂੰ ਉਥੋਂ ਦੇ ਅਧਿਕਾਰੀਆਂ ਨੇ

ਅਸਲੀ ਜਾਮਾ ਪਹਿਨਾ ਕੇ ਗੁਰੂ ਨਾਨਕ ਜੀ ਦੇ ਸਮੁੱਚੀ ਮਾਨਵਤਾ ਨੂੰ ਇਕ ਕਲਾਵੇ ਵਿਚ ਲੈਣ ਦੇ ਸਿਧਾਂਤ ਨੂੰ ਸੱਟ ਹੀ ਮਾਰੀ ਹੈ। ਭਾਰਤ ਵਿਚ ਅਜਮੇਰ ਸ਼ਰੀਫ ਤੇ ਹੋਰ ਮੁਸਲਿਮ ਧਾਰਮਿਕ ਯਾਤਰਾਵਾਂ ਲਈ ਆਉਂਦੇ ਯਾਤਰੀਆਂ ਲਈ ਭਾਰਤ ਵਿਚ ਕਦੇ ਵੀ ਭੇਦਭਾਵ ਨਹੀਂ ਕੀਤਾ ਗਿਆ। ਭਾਰਤੀ ਸਰਕਾਰ ਨੂੰ ਪਾਕਿਸਤਾਨ ਸਰਕਾਰ ਕੋਲ ਇਹ ਮੁੱਦਾ ਸਖ਼ਤੀ ਨਾਲ ਉਠਾਉਣਾ ਚਾਹੀਦਾ ਹੈ। ਪਾਕਿ ਸਰਕਾਰ ਸਿੱਖਾਂ ਦੇ ਮੁਕੱਦਸ ਅਸਥਾਨਾਂ ਨੂੰ ਸਾਂਭ ਸੰਭਾਲ ਦੇ ਪੱਖੋਂ ਸਹੀ ਰੱਖਣ ਦੇ ਦਮਗਜੇ ਮਾਰਦੀ ਹੈ ਤਾਂ ਉਸਨੂੰ ਸਿੱਖ ਗੁਰੂਆਂ ਦੇ ਮਨੁੱਖਤਾ ਦੇ ਅਧਾਰ ਤੇ ਸਿਖਾਏ ਫਲਸਫ਼ੇ ਅਤੇ ਸਿਧਾਂਤਾਂ ਦੀ ਕਦਰ ਵੀ ਕਰਨੀ ਬਣਦੀ ਹੈ। ਗੁਰੂ ਨਾਨਕ ਦੇਵ ਜੀ ਦੀਆਂ ਖੁੱਲ੍ਹੇ ਦਿਲ ਨਾਲ ਮਨੁੱਖੀ ਭਾਈਚਾਰੇ ਨੂੰ ਬੜਾਵਾ ਦੇਣ ਵਾਲੀਆਂ ਸਿੱਖਿਆਵਾਂ ਨੂੰ ਜਾਣ-ਬੁੱਝ ਕੇ ਨਾ ਸਮਝਣਾ, ਪਾਕਿ ਸਰਕਾਰ ਦੇ ਸ਼ੈਤਾਨੀ ਭਰੇ ਲਹਿਜੇ ਨੂੰ ਹੀ ਸਾਹਮਣੇ ਲਿਆਉਂਦੀ ਹੈ।




## (3) ਕ੍ਰਿਕਟ ਵਰਲਡ ਕੱਪ-ਭਾਰਤੀ ਕੁੜੀਆਂ ਦੀ ਜਿੱਤ, ਸ਼ਾਨਦਾਰ ਤੇ ਯਾਦਗਾਰੀ ਪ੍ਰਾਪਤੀ

2 ਨਵੰਬਰ 2025 ਨੂੰ ਨਵੀਂ ਮੁੰਬਈ ਦੇ ਡੀ.ਵਾਈ. ਪਾਟਿਲ ਸਟੇਡੀਅਮ ਵਿਚ ਖੇਡੇ ਜਾ ਰਹੇ ਲੜਕੀਆਂ ਦੇ ਕ੍ਰਿਕਟ ਵਿਸ਼ਵ ਕੱਪ ਵਿਚ ਭਾਰਤੀ ਕਪਤਾਨ ਹਰਮਨਪ੍ਰੀਤ ਕੌਰ ਵੱਲੋਂ ਦੱਖਣੀ ਅਫਰੀਕਾ ਦੀ ਬੱਲੇਬਾਜ਼ੀ ਵਿਚ ਆਖਰੀ ਜੋੜੀ ਨੂੰ ਇਕ ਵਧੀਆ ਕੈਚ ਲੈ ਕੇ ਜਦ ਮੈਚ ਦੀ ਸਮਾਪਤੀ ਕਰਕੇ ਮੈਚ ਆਪਣੀ ਝੋਲੀ ਵਿਚ ਪਾ ਲਿਆ ਤਾਂ ਸਟੇਡੀਅਮ ਵਿਚ ਬੈਠੇ 40,000 ਦਰਸ਼ਕਾਂ ਲਈ ਹੀ ਨਹੀਂ, ਸਗੋਂ ਟੈਲੀਵਿਜ਼ਨ ਤੇ ਕਰੋੜਾਂ ਭਾਰਤੀ ਦਰਸ਼ਕਾਂ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹੀ।

ਭਾਰਤੀ ਬੱਲੇਬਾਜ਼ਾਂ ਵਿਚ ਸ਼ੈਫਾਲੀ ਸ਼ਰਮਾ, ਜੈਮੀਮਾਹ ਰੋਡਰੀਗਜ, ਹਰਮਨਪ੍ਰੀਤ ਕੌਰ, ਦੀਪਤੀ ਸ਼ਰਮਾ, ਰਿਚਾ ਘੋਸ਼ ਨੇ ਕਮਾਲ ਦੀ ਪ੍ਰਤਿਭਾ ਪੂਰੇ ਟੂਰਨਾਮੈਂਟ ਵਿਚ ਵਿਖਾ ਕੇ ਕਰੋੜਾਂ ਭਾਰਤੀਆਂ ਦੇ ਦਿਲਾਂ ਨੂੰ ਜਿੱਤਿਆ। ਅੱਜ ਤੱਕ ਕਿਸੇ ਵੀ ਟੀਮ ਨੇ ਲਗਾਤਾਰ ਤਿੰਨ ਹਾਰਾਂ ਤੋਂ ਬਾਅਦ ਅਜਿਹੀ ਵਾਪਸੀ ਕਦੇ ਨਹੀਂ ਕੀਤੀ। ਸੱਤ ਵਾਰ ਦੀ ਚੈਂਪੀਅਨ ਆਸਟ੍ਰੇਲੀਆਈ ਟੀਮ ਦੇ ਖਿਲਾਫ਼ ਸੈਮੀਫਾਈਨਲ ਮੈਚ ਵਿਚ ਬਹੁਤੇ ਲੋਕ ਭਾਰਤੀ ਲੜਕੀਆਂ ਤੋਂ ਅਜਿਹੀ ਸ਼ਾਨਦਾਰ ਖੇਡ ਦੀ ਆਸ ਨਹੀਂ ਰੱਖ ਰਹੇ ਸਨ। ਪ੍ਰੰਤੂ ਜੈਮੀਮਾਹ ਅਤੇ ਹਰਮਨਪ੍ਰੀਤ ਕੌਰ ਦੀ ਜਾਨਦਾਰ ਬੱਲੇਬਾਜ਼ੀ ਨੇ ਆਸਟ੍ਰੇਲੀਆਈ ਗੇਂਦਬਾਜਾਂ ਦੇ ਮੂੰਹ ਤੇ ਪੇਪੜੀ ਜਮਾ ਦਿੱਤੀ ਸੀ। ਉਥੇ ਦੱਖਣੀ ਅਫਰੀਕਾ ਨਾਲ ਖੇਡੇ ਗਏ ਫਾਈਨਲ ਮੈਚ ਵਿਚ ਸ਼ੈਫਲੀ ਵਰਮਾ ਜੋ ਕਿ ਪਹਿਲਾਂ ਟੂਰਨਾਮੈਂਟ ਲਈ ਚੁਣੀ ਵੀ ਨਹੀਂ ਗਈ ਸੀ ਤੇ ਜਿਸ ਨੂੰ ਅਚਾਨਕ ਐਂਟਰੀ ਦਿੱਤੀ ਗਈ ਸੀ, ਨੇ ਪਹਿਲਾ ਅਰਧ ਸੈਂਕੜੇ ਦੀ ਬੱਲੇਬਾਜ਼ੀ ਅਤੇ ਫਿਰ ਗੇਂਦਬਾਜ਼ੀ ਵਿਚ ਦੋ ਵਿਕਟਾਂ ਝਟਕਾ ਕੇ ਭਾਰਤੀ ਟੀਮ ਨੂੰ ਜਿੱਤ ਦੇ ਸ਼ਾਨਦਾਰ ਸਫ਼ਰ ਵੱਲ ਧਕੇਲ ਦਿੱਤਾ ਸੀ। ਇਸ ਵਿਚ ਦੀਪਤੀ ਸ਼ਰਮਾ ਨੇ ਉਸਦਾ ਪੂਰਾ ਸਾਥ ਨਿਭਾਇਆ। ਹੁਣ ਤੱਕ ਲੜਕੀਆਂ ਦੀ ਕ੍ਰਿਕਟ ਵਿਚ ਮੁੱਖ ਤੌਰ 'ਤੇ ਆਸਟ੍ਰੇਲੀਆ ਅਤੇ ਇੰਗਲੈਂਡ ਦਾ ਹੀ ਦਬਦਬਾ ਰਿਹਾ ਹੈ। ਪਰ ਭਾਰਤੀ ਕ੍ਰਿਕਟ ਬੋਰਡ ਵੱਲੋਂ ਲੜਕੀਆਂ ਨੂੰ ਪੁਰਸ਼ ਕ੍ਰਿਕਟਰਾਂ ਦੇ ਸਮਾਨੰਤਰ ਹੀ ਮਿਹਨਤਾਨਾ ਦੇਣ ਅਤੇ ਲੜਕੀਆਂ ਦੀ ਪ੍ਰੀਮੀਅਮ ਲੀਗ ਸ਼ੁਰੂ ਕਰਨ ਤੋਂ ਬਾਅਦ ਭਾਰਤੀ ਲੜਕੀਆਂ ਦੀ ਕ੍ਰਿਕਟ ਵਿਚ ਆਇਆ ਨਿਖਾਰ ਇਸ ਮੁਕਾਬਲੇ ਵਿਚ ਸਾਰੇ ਸੰਸਾਰ ਨੂੰ ਨਜ਼ਰ ਆਇਆ ਹੈ। ਹੁਣ ਭਾਰਤੀ ਲੋਕਾਂ ਨੂੰ ਇਹਨਾਂ ਲੜਕੀਆਂ ਨੂੰ ਆਉਣ ਵਾਲੇ ਸਾਰੇ ਮੁਕਾਬਲਿਆਂ ਵਿਚ ਚੰਗੀ ਕਾਰਗੁਜ਼ਾਰੀ ਦੀ ਆਸ ਸਾਰੇ ਦੇਸ਼ ਵਾਸੀਆਂ ਨੂੰ ਲੱਗੀ ਰਹੇਗੀ।



# ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

**ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**
**- ਭਗਵਾਨ ਸਿੰਘ ਲੁਬਾਣਾ**

61.

**ਅਲਕਿੱਸਾ ਜਬ ਸਵੇਰ ਕੋ ਜਾਗੀ ਗੁਰੂ ਕੀ ਮਾਂ।**
**ਰੱਖੇ ਹੁਏ ਖ਼ਜ਼ਾਨੇ ਕਾ ਪਾਯਾ ਨ ਕੁਛ ਨਿਸ਼ਾਂ।**
**ਗੰਗੂ ਸੇ ਬੋਲੀ ਲੇਤਾ ਹੈ ਕਿਉਂ ਸਬਰਿ-ਬੇਕਸਾਂ।**
**ਜ਼ਰ ਲੈ ਗਿਆ ਉਠਾ ਕੇ ਤੂ ਐ ਜ਼ਿਸ਼ਤ-ਰੂ ਕਹਾਂ?**
**ਬਿਹਤਰ ਥਾ ਮਾਂਗ ਲੇਤਾ ਤੂ ਹਮ ਸੇ ਤਮਾਮ ਮਾਲ।**
**ਲੇਕਿਨ ਹੁਆ ਚੁਰਾਨੇ ਸੇ, ਤੁਝ ਪਰ ਹਰਾਮ ਮਾਲ।**

ਘਟਨਾ ਦਾ ਤੱਤਸਾਰ ਇਹ ਕਿ ਜਦੋਂ ਸਵੇਰੇ ਸਤਿਗੁਰਾਂ ਦੇ ਮਾਤਾ ਜੀ ਜਾਗੇ ਤਾਂ ਕੀ ਵੇਖਿਆ ਸਾਰਾ ਖ਼ਜ਼ਾਨਾ ਹੀ ਗਾਇਬ ਹੈ। ਆਪ ਨੇ ਗੰਗੂ ਨੂੰ ਕਿਹਾ ਕਿ ਕਿਉਂ ਦੁਖੀਆਂ ਨੂੰ ਹੋਰ ਦੁਖੀ ਕਰ ਰਿਹਾ ਹੈਂ? ਐ ਕਲਮੂੰਹਿਆਂ ! ਤੂੰ ਸਾਰਾ ਧਨ ਚੁਰਾ ਕੇ ਲੈ ਗਿਆ ਹੈਂ। ਚੰਗਾ ਹੁੰਦਾ ਜੇਕਰ ਤੂੰ ਸਾਰਾ ਧਨ ਮੰਗ ਕੇ ਲੈ ਲੈਂਦਾ। ਲੇਕਿਨ ਚੋਰੀ ਕਰਨ ਨਾਲ ਤੂੰ ਹਰਾਮਖੋਰ ਬਣ ਗਿਆ ਹੈਂ।

62.

**ਜਿਸ ਘਰ ਕਾ ਤੂ ਗ਼ੁਲਾਮ ਥਾ, ਉਨ ਸੇ ਦਗ਼ਾ ਕੀਆ।**
**ਲਾ ਕਰ ਕੇ ਘਰ ਮੇਂ ਕਾਮ ਯੇਹ ਕਿਆ ਬੇਵਫ਼ਾ ਕੀਆ?**
**ਜ਼ਰ ਕੇ ਲੀਏ ਸਵਾਲ ਨਾ ਕਿਉਂ ਬਰਮਲਾ ਕੀਆ?**
**ਹਮ ਸੇ ਤੋ ਜਿਸ ਨੇ ਜੋ ਭੀ ਹੈ ਮਾਂਗਾ, ਅਤਾ ਕੀਆ।**
**ਮਾਤਾ ਹੂੰ ਕਲਗ਼ੀਧਰ ਕੀ ਤੁਝੇ ਕਿਆ ਖ਼ਬਰ ਨ ਥੀ?**
**ਤੇਰੀ ਤਰਹ ਤੋ ਮੁਝ ਕੋ ਜ਼ਰਾ ਹਿਰਸਿ-ਜ਼ਰ ਨ ਥੀ?**

ਜਿਸ ਘਰ ਦਾ ਤੂੰ ਨੌਕਰ ਸੀ, ਉਨ੍ਹਾਂ ਨਾਲ ਹੀ ਧੋਖਾ ਕੀਤਾ ਹੈ। ਆਪਣੇ ਘਰ ਲਿਆ ਕੇ ਇਹ ਬੇਵਫ਼ਾਈ ਦਾ ਕੰਮ ਕਿਉਂ ਕੀਤਾ? ਦੌਲਤ ਚਾਹੀਦੀ ਸੀ ਤਾਂ ਸਾਰੀ ਗੱਲ ਸਾਫ਼-ਸਾਫ਼ ਕਿਉਂ ਨਾ ਕਹਿ ਦਿੱਤੀ? ਸਾਡੇ ਕੋਲੋਂ ਤਾਂ ਜਿਸ ਨੇ ਵੀ ਕੁਝ ਮੰਗਿਆ ਹੈ, ਅਸੀਂ ਬਖਸ਼ਦੇ ਰਹੇ ਹਾਂ। ਮੈਂ ਕਲਗ਼ੀਧਰ ਪਾਤਸ਼ਾਹ ਦੀ ਮਾਤਾ ਹਾਂ, ਕੀ ਤੈਨੂੰ ਇਹ ਪਤਾ ਨਹੀਂ ਸੀ? ਮੈਨੂੰ ਤੇਰੇ ਵਾਂਗ ਧਨ-ਦੌਲਤ ਦਾ ਜ਼ਰਾ ਵੀ ਲਾਲਚ ਨਹੀਂ ਸੀ।

63.

**ਵਾਹਿਗੁਰੂ ਕੇ ਨਾਮ ਪੇ ਕੁਲ ਮਾਲੋ-ਜ਼ਰ ਭੀ ਤੂੰ।**
**ਖ਼ਲਕਤ ਕੇ ਫ਼ਾਯਦੇ ਕੋ ਲੁਟਾ ਅਪਨਾ ਘਰ ਭੀ ਦੂੰ।**
**ਗਰਦਨ ਪਤੀ ਕੀ ਦੇ ਹੀ ਚੁੱਕੀ, ਅਪਨਾ ਸਰ ਭੀ ਦੂੰ।**
**ਖੁਸ਼ਨੁਦੀਏ ਅਕਾਲ ਕੋ, ਲਖ਼ਤਿ-ਜਿਗਰ ਭੀ ਦੂੰ।**
**ਕਰਾਰ ਕਰ ਲੇ ਅਪਨੀ ਖ਼ਤਾ ਕਾ ਤੂ ਗਰ ਅਭੀ।**
**ਹਮ ਬਖ਼ਸ਼ ਦੇਂਗੇ ਸ਼ੌਕ ਸੇ ਸਭ ਮਾਲੋ-ਜ਼ਰ ਅਭੀ।**

ਐ ਗੰਗੂ ! ਵਾਹਿਗੁਰੂ ਦੇ ਨਾਮ 'ਤੇ ਮੈਂ ਆਪਣੀ ਸਾਰੀ ਧਨ-ਦੌਲਤ ਦੇ ਸਕਦੀ ਹਾਂ। ਲੋਕ ਭਲਾਈ ਹਿੱਤ ਮੈਂ ਆਪਣਾ ਘਰ ਵੀ ਲੁਟਾ ਸਕਦੀ ਹਾਂ। ਧਰਮ ਖ਼ਾਤਰ ਮੈਂ ਆਪਣੇ ਪਤੀ ਨੂੰ ਵਾਰ ਚੁੱਕੀ ਹਾਂ ਅਤੇ ਆਪਣਾ ਸਿਰ ਵੀ ਕੁਰਬਾਨ ਕਰ ਸਕਦੀ ਹਾਂ। ਇਲਾਹੀ ਖ਼ੁਸ਼ੀ ਲੈਣ ਲਈ ਜਿਗਰ ਦੇ ਟੋਟੇ ਵੀ ਵਾਰ ਦਿਆਂਗੀ। ਜੇਕਰ ਹੁਣ ਤੂੰ ਆਪਣੀ ਗ਼ਲਤੀ ਨੂੰ ਮੰਨ ਜਾਵੇਂ ਤਾਂ ਮੈਂ ਖ਼ੁਸ਼ੀ ਨਾਲ ਹੀ ਸਾਰਾ ਮਾਲ-ਧਨ ਤੈਨੂੰ ਦੇ ਦਿਆਂਗੀ।

64.

**ਉਪਦੇਸ਼ ਮਾਤਾ ਗੁਜਰੀ ਕਾ, ਸੁਨ ਕਰ ਵੁਹ ਬੇਹਯਾ।**

**ਸ਼ਰਮਿੰਦਾ ਹੋਨੇ ਕੀ ਜਗ੍ਹਾ ਚਿੱਲਾਨੇ ਲਗ ਗਯਾ।**

**ਬਕਤਾ ਥਾ ਜ਼ੋਰ-ਜ਼ੋਰ ਸੇ, ਦੇਖੋ ਗ਼ਜ਼ਬ ਹੈ ਕਯਾ।**

**ਤੁਮ ਕੋ ਪਨਾਹ ਦੇਨੇ ਕੀ ਕਯਾ ਥੀ ਯਹੀ ਸਜ਼ਾ?**

**ਫਿਰਤੇ ਹੋ ਜਾਂ ਛਿਪਾਏ ਹੁਏ ਖ਼ੁਦ ਨਵਾਬ ਸੇ।**

**ਕਹਤੇ ਹੋ ਮੁਝ ਕੋ ਚੋਰ ਯੇਹ ਫਿਰ ਕਿਸ ਹਿਸਾਬ ਸੇ?**

ਉਹ ਬੇਹਯਾ ਗੰਗੂ ਮਾਤਾ ਗੁਜਰੀ ਜੀ ਦੀ ਸਿੱਖਿਆ ਨੂੰ ਸੁਣ ਕੇ ਸ਼ਰਮਿੰਦਾ ਹੋਣ ਦੀ ਥਾਂ ਸ਼ੋਰ ਮਚਾਉਣ ਲੱਗ ਪਿਆ। ਉੱਚੀ ਆਵਾਜ਼ ਵਿੱਚ ਬਕ ਰਿਹਾ ਸੀ ਕਿ ਇਹ ਕਹਿਰ ਨਹੀਂ ਤਾਂ ਕੀ ਹੈ? ਆਪ ਨੂੰ ਆਸਰਾ ਦੇਣ ਦੀ ਕੀ ਇਹੋ ਸਜ਼ਾ ਮਿਲਣੀ ਸੀ? ਤੁਸੀਂ ਖ਼ੁਦ ਤਾਂ ਨਵਾਬ ਪਾਸੋਂ ਜਾਨ ਬਚਾਉਣ ਲਈ ਛਿਪਦੇ ਹੋਏ ਫਿਰ ਰਹੇ ਹੋ, ਫਿਰ ਮੈਨੂੰ ਕਿਸ ਹਿਸਾਬ ਨਾਲ ਚੋਰ ਆਖ ਰਹੇ ਹੋ?

65.

**ਚੁੱਪ-ਚਾਪ ਘਰ ਸੇ ਚਲ ਦੀਆ, ਫਿਰ ਵੁਹ ਨਿਮਕ-ਹਰਾਮ।**

**ਪਹੁੰਚਾ ਵੁਹ ਉਸ ਜਗ੍ਹਾ ਪੇ ਮੋਰੰਡਾ ਥਾ ਜਿਸ ਕਾ ਨਾਮ।**

**ਮੁਖ਼ਬਰ ਵਹਾਂ ਨਵਾਬ ਕੇ, ਰਖਤੇ ਥੇ ਕੁਛ ਕਯਾਮ।**

**ਖ਼ੁਫੀਆ ਕੁਛ ਉਨ ਸੇ ਕਰਨੇ ਲਗਾ ਬਦਸਿਯਰ-ਕਲਾਮ।**

**ਮਤਲਬ ਥਾ ਜਿਸ ਕਾ ਘਰ ਮਿਰੇ ਸਤਿਗੁਰ ਕੇ ਲਾਲ ਹੈਂ।**

**ਜਿਨ ਕੋ ਪਕੜਨੇ ਕੇ ਸਭੀ ਖ਼੍ਵਾਹਾਂ ਕਮਾਲ ਹੈਂ।**

ਉਪਰੰਤ ਉਹ ਨਿਮਕਹਰਾਮ ਚੁੱਪ-ਚਾਪ ਘਰੋਂ ਚੱਲ ਪਿਆ ਅਤੇ ਮੋਰਿੰਡਾ ਨਾਮਕ ਨਗਰ ਵਿਚ ਪਹੁੰਚਿਆ ਜਿਥੇ ਨਵਾਬ ਦੇ ਕੁੱਝ ਮੁਖ਼ਬਰ ਰਹਿੰਦੇ ਸਨ। ਧੋਖੇਬਾਜ਼ ਗੰਗੂ ਨੇ ਉਨ੍ਹਾਂ ਨਾਲ ਕੁਝ ਗੁਪਤ ਗੱਲਬਾਤ ਕੀਤੀ, ਜਿਸ ਦਾ ਤੱਤਸਾਰ ਸੀ ਕਿ ਇਸ ਸਮੇਂ ਸਤਿਗੁਰਾਂ ਦੇ ਲਾਲ ਮੇਰੇ ਘਰ ਹਨ, ਜਿਨ੍ਹਾਂ ਨੂੰ ਪਕੜਨ ਲਈ ਸਾਰੇ ਹੀ ਬੜੇ ਚਾਹਵਾਨ ਹਨ।

(ਚਲਦਾ)

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

**ਨੀਅਤ ਸਾਫ਼ ਤੇ ਮਕਸਦ ਸਹੀ ਹੋਵੇ ਤਾਂ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੀ ਮੱਦਦ ਕਰਦਾ ਹੈ।**

# ਬਲੱਡ ਪਰੈਸ਼ਰ ’ਤੇ ਖ਼ੁਰਾਕ ਅਤੇ ਕਸਰਤ ਦਾ ਅਸਰ

ਨਵਪ੍ਰੀਤ ਕੌਰ

ਬਲੱਡ ਪਰੈਸ਼ਰ ਤੋਂ ਭਾਵ ਹੈ ਸਰੀਰ ਦੀਆਂ ਨਾੜਾਂ ਵਿਚ ਖ਼ੂਨ ਦਾ ਦਬਾਅ। ਇਹ ਦਬਾਅ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ। ਸਰੀਰ ਦੀ ਲੋੜ ਦੇ ਮੁਤਾਬਕ ਨਾੜਾਂ ਵਿਚ ਖ਼ੂਨ ਦਾ ਦਬਾਅ ਵੱਧਦਾ ਘੱਟਦਾ ਰਹਿੰਦਾ ਹੈ। ਸਰੀਰਕ ਅਵਸਥਾ, ਸਾਹ ਲੈਣ ਦੀ ਪ੍ਰਕਿਰਿਆ, ਮਨੋਦਸ਼ਾ, ਕਸਰਤ ਅਤੇ ਨੀਂਦ ਆਦਿ ਖ਼ੂਨ ਦੇ ਦਬਾਅ ਨੂੰ ਪ੍ਰਭਾਵਿਤ ਕਰਦੇ ਹਨ।

ਜੇਕਰ ਦਬਾਅ ਹਮੇਸ਼ਾ ਵੱਧ ਰਹਿੰਦਾ ਹੈ ਤਾਂ ਇਹ ਖ਼ਤਰਨਾਕ ਸਾਬਤ ਹੋ ਸਕਦਾ ਹੈ ਅਤੇ ਦਿਲ ਦੇ ਦੌਰੇ, ਸਟਰੋਕ, ਗੁਰਦੇ ਦੀ ਬਿਮਾਰੀ ਆਦਿ ਦਾ ਕਾਰਨ ਬਣ ਸਕਦਾ ਹੈ। ਹਾਈ ਬਲੱਡ ਪਰੈਸ਼ਰ ਦੇ ਆਮ ਤੌਰ ’ਤੇ ਕੋਈ ਸੰਕੇਤ ਨਹੀਂ ਹੁੰਦੇ। ਇਸ ਲਈ ਸਮੇਂ-ਸਮੇਂ ਬਲੱਡ ਪਰੈਸ਼ਰ ਦੀ ਜਾਂਚ ਕਰਾਉਂਦੇ ਰਹਿਣਾ ਚਾਹੀਦਾ ਹੈ ਖ਼ਾਸ ਕਰਕੇ ਜੇ ਇਹ ਸਾਧਾਰਨ ਨਾਲੋਂ ਵੱਧ ਰਹਿੰਦਾ ਹੈ।

ਕਈ ਵਾਰ ਖ਼ਨ ਦਾ ਦਬਾਅ ਸਾਧਾਰਨ ਨਾਲੋਂ ਘੱਟ ਵੀ ਹੋ ਸਕਦਾ ਹੈ। ਪਰ ਘੱਟ ਦਬਾਅ ਕੇਵਲ ਉਦੋਂ ਹੀ ਹਾਨੀਕਾਰਕ ਹੈ ਜਦੋਂ ਇਸ ਦਾ ਸਰੀਰ ’ਤੇ ਕੋਈ ਮਾੜਾ ਪ੍ਰਭਾਵ ਪੈਣ ਦੀ ਸੰਭਾਵਨਾ ਹੋਵੇ। ਜਿਵੇਂ ਕਿ ਖ਼ੂਨ ਦਾ ਦਬਾਅ ਜ਼ਿਆਦਾ ਘਟਣ ਨਾਲ ਕਿਸੇ ਜ਼ਰੂਰੀ ਅੰਗ (ਖਾਸ ਕਰਕੇ ਦਿਮਾਗ਼) ਨੂੰ ਆਕਸੀਜਨ ਅਤੇ ਪੌਸ਼ਟਿਕ ਤੱਤਾਂ ਦੀ ਕਮੀ ਹੋ ਸਕਦੀ ਹੈ ਜੋ ਕਿ ਨੁਕਸਾਨਦੇਹ ਹੈ।

ਜੀਵਨ ਸ਼ੈਲੀ ਵਿਚ ਕੁਝ ਤਬਦੀਲੀਆਂ ਨਾਲ ਬਲੱਡ ਪਰੈਸ਼ਰ ਨੂੰ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ। ਇਹ ਅਹਿਮ ਤਬਦੀਲੀਆਂ ਹਨ-ਚੰਗੀ ਖ਼ੁਰਾਕ ਅਤੇ ਰੋਜ਼ਾਨਾ ਕਸਰਤ।

**ਹਾਈ ਬਲੱਡ ਪਰੈਸ਼ਰ ਅਤੇ ਖ਼ੁਰਾਕ** - ਸਿਹਤਮੰਦ ਖ਼ੁਰਾਕ ਬਲੱਡ ਪਰੈਸ਼ਰ ਦੇ ਨਿਯੰਤਰਣ ਅਤੇ ਦਿਲ ਦੇ ਰੋਗ ਦਾ ਖ਼ਤਰਾ ਘਟਾਉਣ ਲਈ ਬਹੁਤ ਜ਼ਰੂਰੀ ਹੈ :

* ਰੋਜ਼ਾਨਾ ਭੋਜਨ ਵਿਚ ਹਰ ਕਿਸਮ ਦਾ ਖਾਣਾ ਸ਼ਾਮਲ ਕਰੋ ਜਿਵੇਂ : ਸਬਜ਼ੀਆਂ, ਸਾਬਤ ਅਨਾਜ, ਦਾਲਾਂ, ਫਲ, ਬਿਨਾਂ ਚਰਬੀ ਦੇ ਮੀਟ, ਮੱਛੀ, ਘੱਟ ਫੈਟ ਜਾਂ ਬਿਨਾਂ ਫੈਟ ਦੇ ਦੁੱਧ ਉਤਪਾਦ, ਸਿਹਤਮੰਦ ਤੇਲ, ਗਿਰੀਆਂ, ਬੀਜ ਆਦਿ।
* ਖਾਣੇ ਵਿਚ ਨਮਕ ਦਾ ਪ੍ਰਯੋਗ ਘੱਟ ਕਰੋ। ਜਿੱਥੋਂ ਤੱਕ ਹੋ ਸਕੇ ਬਾਜ਼ਾਰੀ ਚੀਜ਼ਾਂ ਦਾ ਸੇਵਨ ਨਾ ਕਰੋ ਕਿਉਂਕਿ ਇਨ੍ਹਾਂ ਵਿਚ ਨਮਕ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ।
* ਖਾਣੇ ਵਿਚ ਪੋਟਾਸ਼ੀਅਮ ਦੀ ਮਾਤਰਾ ਵਧਾਉਣਾ ਵੀ ਹਾਈ ਬਲੱਡ ਪਰੈਸ਼ਰ ਲਈ ਲਾਭਦਾਇਕ ਹੋ ਸਕਦਾ ਹੈ। ਪਰ ਗੁਰਦੇ ਦੀ ਬਿਮਾਰੀ ਜਾਂ ਕੁਝ ਦਵਾਈਆਂ ਦੇ ਨਾਲ ਇਹ ਫਾਇਦੇ ਦੀ ਜਗ੍ਹਾ ਨੁਕਸਾਨ ਵੀ ਕਰ ਸਕਦਾ ਹੈ। ਇਸ ਲਈ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਉ।
* ਸ਼ਰਾਬ ਦਾ ਸੇਵਨ ਘੱਟ ਕਰੋ।
* ਸਿਗਰਟਨੋਸ਼ੀ ਨਾ ਕਰੋ।


**ਹਾਈ ਬਲੱਡ ਪਰੈਸ਼ਰ ਅਤੇ ਕਸਰਤ** - ਹਰ ਰੋਜ਼ ਘੱਟ ਤੋਂ ਘੱਟ 30 ਮਿੰਟ ਦਰਮਿਆਨੀ ਤੀਬਰਤਾ ਦੀ ਕਸਰਤ ਬਲੱਡ ਪਰੈਸ਼ਰ ਦੇ ਨਿਯੰਤਰਣ ਵਿਚ ਸਹਾਈ ਹੋ ਸਕਦੀ ਹੈ। ਕੁਝ ਲਾਭਦਾਇਕ ਕਸਰਤਾਂ :

* ਦਿਲ ਦੀ ਧੜਕਣ ਵਧਾਉਣ ਵਾਲੀ ਕਸਰਤ ਜਿਵੇਂ ਕਿ ਸੈਰ ਕਰਨਾ, ਭੱਜਣਾ, ਸਾਇਕਲ ਚਲਾਉਣਾ ਆਦਿ।
* ਸਰੀਰਕ ਤਾਕਤ ਵਧਾਉਣ ਵਾਲੀ ਕਸਰਤ ਜਿਵੇਂ ਕਿ ਵਜ਼ਨ ਚੁੱਕਣਾ।
* ਜੋੜਾਂ ਅਤੇ ਮਾਸਪੇਸ਼ੀਆਂ ਦੀ ਲਚਕਤਾ ਵਧਾਉਣ ਵਾਲੀ ਕਸਰਤ ਜਿਵੇਂ ਕਿ ਯੋਗਾ

**ਧਿਆਨ ਰੱਖੋ :**

* ਕੋਈ ਵੀ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਉ।
* ਕਸਰਤ ਕਰਨ ਤੋਂ ਪਹਿਲਾਂ 5-10 ਮਿੰਟ ਹਲਕੀ ਗਤੀਵਿਧੀ ਨਾਲ ਸਰੀਰ ਨੂੰ ਗਰਮ ਕਰਕੇ ਕਸਰਤ ਲਈ ਤਿਆਰ ਕਰੋ ਅਤੇ ਅੰਤ ਵਿਚ ਹੌਲੀ-ਹੌਲੀ ਤੀਬਰਤਾ ਘਟਾ ਕੇ ਕਸਰਤ ਬੰਦ ਕਰੋ। ਇਕਦਮ ਤੇਜ਼ ਗਤੀਵਿਧੀ ਰੋਕਣਾ ਹਾਈ ਬਲੱਡ ਪਰੈਸ਼ਰ ਲਈ ਖ਼ਤਰਨਾਕ ਸਾਬਕ ਹੋ ਸਕਦਾ ਹੈ।
* ਕਸਰਤ ਸਮੇਂ ਸਾਹ ਚੜ੍ਹਨਾ ਅਤੇ ਦਿਲ ਦੀ ਧੜਕਣ ਦਾ ਤੇਜ਼ ਹੋਣਾ ਆਮ ਗੱਲ ਹੈ ਪਰ ਜੇਕਰ ਸਾਹ ਲੈਣ ਵਿਚ ਮੁਸ਼ਕਿਲ ਆਉਂਦੀ ਹੈ ਜਾਂ ਦਿਲ ਦੀ ਧੜਕਣ ਬਹੁਤ ਤੇਜ਼ ਅਤੇ ਅਨਿਯਮਿਤ ਹੁੰਦੀ ਹੈ ਤਾਂ ਕਸਰਤ ਦੀ ਤੀਬਰਤਾ ਘੱਟ ਕਰੋ ਜਾਂ ਆਰਾਮ ਕਰੋ।
* ਜੇਕਰ ਹੇਠਾਂ ਦਿੱਤੇ ਸੰਕੇਤ ਪ੍ਰਗਟ ਹੋਣ ਤਾਂ ਕਸਰਤ ਬੰਦ ਕਰ ਦੇਣੀ ਚਾਹੀਦੀ ਹੈ :
  * ਛਾਤੀ ਵਿਚ ਦਰਦ
  * ਕਮਜ਼ੋਰੀ ਮਹਿਸੂਸ ਹੋਣਾ
  * ਚੱਕਰ ਆਉਣਾ
  * ਅੱਖਾਂ ਅੱਗੇ ਧੁੰਦਲਾਪਣ ਆਉਣਾ
  * ਗਰਦਨ, ਬਾਂਹ, ਜਬਾੜ੍ਹੇ ਜਾਂ ਮੋਢੇ ਨਾਲ ਦਰਦ ਜਾਂ ਦਬਾਅ ਮਹਿਸੂਸ ਹੋਣਾ

ਇਹ ਸੰਕੇਤ ਜਲਦੀ ਹੀ ਅਲੋਪ ਨਾ ਹੋਣ ਜਾਂ ਹਰ ਵਾਰ ਕਸਰਤ ਕਰਨ



# ਕਾਵਿ-ਕਿਆਰੀ



## ਦੋਹੇ / ਧਰਤੀ ਇੱਕ ਕਿਤਾਬ ਮਹਾਨ

**ਸੁਰਿੰਦਰ ਮਕਸੂਦਪੁਰੀ**



ਮਾਂ ਦਾਤੀ ਮਾਂ ਧਰਤੀ ਹੈ, ਇੱਕ ਕਿਤਾਬ ਮਹਾਨ।
ਗੁਰੂਆਂ ਦੀ ਗੁਰਮੁਖੀ, ਮਾਂ ਪੰਜਾਬੀ ਇਸ ਦੀ ਸ਼ਾਨ।

ਮੁੱਖ ਬੰਦ ਇਸਦਾ, ਹਰਿਆ-ਭਰਿਆ ਬੋਧੀ ਰੁੱਖੜਾ।
ਮਾਰਗ ਦਰਸ਼ਕ ਇਸਦਾ, ਦਰਸ਼ਨੀ ਚੰਨ ਦਾ ਮੁੱਖੜਾ।

ਸਫ਼ਿਆਂ ਉੱਤੇ ਟਿਮਟਿਮਾਉਂਦੇ, ਨੇ ਅੱਖਰਾਂ ਦੇ ਤਾਰੇ।
ਮਾਂ ਬੋਲੀ ਦੇ ਮੀਤ ਪਿਆਰੇ, ਪੰਜਾਬੀ ਮਾਂ ਦੇ ਸਤਿਕਾਰੇ।

ਇਸਦੇ ਸ਼ਬਦਾਂ ਦੇ ਸੂਰਜ, ਨੇ ਦਿਨ-ਰਾਤ ਰੁਸ਼ਨਾਉਂਦੇ।
ਸ਼ਾਨਾਮੱਤੇ ਹਰਫ਼ਾਂ ਦੇ ਦੀਵੇ, ਹਰਦਮ ਸ਼ਾਨ ਵਧਾਉਂਦੇ।

ਕੁਦਰਤ ਰਾਣੀ ਨੂੰ ਇਹ ਦਾਵਤ ਦਿੰਦੀ, ਰਹੇ ਬੁਲਾਉਂਦੀ।
ਕਾਇਨਾਤ ਨੂੰ ਜੀ ਆਇਆਂ ਕਹਿੰਦੀ, ਜਸ਼ਨ ਮਨਾਉਂਦੀ।

ਪੜ੍ਹ ਲਏ ਜਿਹੜਾ ਜਗਿਆਸੂ, ਇਸ ਦੀ ਗੁੱਝੀ ਗਾਥਾ।
ਬਣ ਜਾਂਦਾ ਹੈ ਬੇਸ਼ੱਕ ਵੱਡਾ, ਉਹ ਸਰਬਗੁਣੀ ਗਿਆਤਾ।


'ਮਕਸੂਦਪੁਰੀ' ਬਣ ਜਾਏ, ਉਹ ਪੂਰਾ-ਪੂਰਾ ਇਨਸਾਨ।
ਪੜ੍ਹ-ਗੁੜ੍ਹ ਲਏ ਜਿਹੜਾ, ਅਜਿਹੀ ਕਿਤਾਬ ਮਹਾਨ।


**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021,**
**ਮੋ. 99887-10234**


* * * * *

## ਕਵਿਤਾ/ ਜਾਣ ਵਾਲੇ ਦਰਦ

**ਰਤਨ ਟਾਹਲਵੀ**



ਜਾਣ ਵੇਲੇ ਦਰਦ ਦੀ ਸੌਗਾਤ ਝੋਲੀ ਪਾ ਗਿਆ।
ਕਿਸ ਤਰ੍ਹਾਂ ਦੀ ਆਈ 'ਤੇ ਹੁਣ ਯਾਰ ਮੇਰਾ ਆ ਗਿਆ।

ਜ਼ਿੰਦਗੀ ਵਿਚ ਕੀ ਕੀ ਖਾਧਾ ਪਰ ਨਾ ਹੋਇਆ ਵੀ ਅਸਰ,
ਜਾਣ ਵਾਲੇ ਦਾ ਮਗਰ ਗ਼ਮ ਹੀ ਦਿਲ ਨੂੰ ਖਾ ਗਿਆ।

ਕਿਸ ਜਗ੍ਹਾ 'ਤੇ ਜਾ ਕੇ ਤੂੰ ਜ਼ਾਲਮ ਚਿਰਾਂ ਤੋਂ ਬਹਿ ਗਿਉਂ,
ਪਰ ਇਧਰ ਤੂੰ ਔਣ ਦਾ ਲਾਰੇ 'ਤੇ ਲਾਰਾ ਲਾ ਗਿਆ।

ਹਰ ਵਰ੍ਹੇ ਮੈਨੂੰ ਭੁਲੇਖਾ ਔਣ ਤੇਰੇ ਦਾ ਲੱਗੇ,
ਕਿਸ ਤਰ੍ਹਾਂ ਦਾ ਹਿਜਰ ਭਰਿਆ ਸਾਲ ਮੁੜਕੇ ਆ ਗਿਆ।

ਬਿਨ ਤੇਰੇ ਇਸ ਜਗ 'ਚ ਮੇਰਾ ਦੋਸਤਾ ਹੁਣ ਕੌਣ ਏ,
ਗ਼ੈਰ ਦੇ ਹੱਥ ਹੱਥ ਮੇਰਾ ਫੇਰ ਵੀ ਫੜਵਾ ਗਿਆ।

ਤੂੰ ਰਤਨ ਕੱਖਾਂ ਤੋਂ ਹੌਲਾ ਗ਼ੈਰ ਕੋਲੋਂ ਹੋ ਗਿਓਂ,
ਨਜ਼ਰ ਕਰਨੀ ਸੀ ਮੇਰੇ 'ਤੇ ਪਰ ਨਜ਼ਰ ਉਹ ਲਾ ਗਿਆ।

* * * * *

## ਕਵਿਤਾ/ ਪੁੱਤ ਨਾਲ ਮੇਲ



ਚਾਰ ਸਾਲ ਤੋਂ ਜੀਹਦੀ ਉਡੀਕ ਸੀ,
ਓਸ ਆ ਕੇ ਉਡੀਕ ਮੁਕਾ ਦਿੱਤੀ,
ਸੀਤ ਹੋਏ ਵਿਛੋੜੇ 'ਚ ਸੀਨੇ ਨੂੰ,
ਓਸ ਆ ਮੇਲ ਦੀ ਨਿੱਘ ਚੜ੍ਹਾ ਦਿੱਤੀ।

ਵਿਹੜੇ ਸਾਡੇ ਪੈਰ ਓਸ ਪਾ,
ਸਾਡੇ ਚਾਵਾਂ ਦੀ ਬਗੀਚੀ ਖਿੜਾ ਦਿੱਤੀ,
ਕਰ ਮਿੱਠੀਆਂ ਗੱਲਾਂ ਨਾਲ ਸਾਡੇ,
ਓਸ ਰੂਹ ਸਾਡੀ ਮਹਿਕਾ ਦਿੱਤੀ।

ਜੋ ਵਿੱਚ ਵਿਛੋੜੇ ਵਹਿੰਦੀ ਸੀ,
ਉਹ ਨੈਣਾਂ ਦੀ ਨਹਿਰ ਸੁਕਾ ਦਿੱਤੀ,
ਡੱਕੋ ਡੋਲੇ ਖਾਂਦੀ ਬੇੜੀ ਸਾਹਾਂ ਦੀ,
ਉਹ ਆ ਉਸ ਪਾਰ ਲਗਾ ਦਿੱਤੀ।

ਹਰ ਕੋਨਾ ਗੁੱਠ ਬੇਤਾਬ ਸੀ ਜੋ,
ਮਿਲ ਸਭ ਦੀ ਉਦਾਸੀ ਭਜਾ ਦਿੱਤੀ,
ਬੁੱਢੇ ਨੈਣ ਜੋ ਮਿਲਣ ਨੂੰ ਤਰਸਦੇ ਸੀ,
ਮਿਲ ਨੈਣਾਂ ਦੀ ਜੋਤ ਜਗਾ ਦਿੱਤੀ।

ਖੇਤ ਬੰਨੇ ਵੀ ਖੁਸ਼ ਸਭ ਹੋਏ,
ਸਭ ਪਾਸੇ ਖੁਸ਼ੀਆਂ ਦੀ ਛਹਿਬਰ ਲਾ ਦਿੱਤੀ,
'ਸੁਖਵਿੰਦਰ' ਪਾ ਗਲਵੱਕੜੀ ਬਾਪ ਨੂੰ ਪੁੱਤ ਨੇ,
ਬੰਜਰ ਰੂਹ ਜਰਖੇਜ ਬਣਾ ਦਿੱਤੀ।


**ਸੁਖਵਿੰਦਰ ਸਿੰਘ 'ਜਲਾਲਪੁਰੀ'**
**ਇੰਸਪੈਕਟਰ ਸੀ.ਬੀ.ਆਈ., ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**

**APPLICATIONS ARE INVITED UPTO 15.02.2026 FROM ELIGIBLE CANDIDATES**

Application Regd. No.________

# BABA MAKHAN SHAH LOBANA FOUNDATION (REGD.)

**Sector-30A, Chandigarh-160030, Phone: 73470-65188**

## APPLICATION FORM

**Merit Cum-Means Scholarship for the Academic Year-2025-26**

Affix Passport Size Photo

1. **Name of Applicant** ________________________________
   (In Block Letters)
2. **(i) Father's Name:** ________________________________
   **(ii) Mother's Name:** ________________________________
   **(iii) Occupation:** ________________________________
3. **Caste** ________________________________
4. **Address for Correspondence: Village:-** ______________ **Post Office :-**_____________
   **Police Station :-**______________________ **Tehsil :-** ____________________________
   **Distt :-**___________________**State :-**____________________ **Pin Code :-** __________
5. **Permanent Address** ____________________________________________
   **Contact No. Mobile:** ______________ **STD Code:** _______ **Landline:**______________
   **E-mail:** ____________________________________________
6. **Class in which studying** ____________________________________________
7. **Past performance and merit in the School/Board/ University (Last Two Years) : -**

| Class | Board/University | Year of Passing | % (Percentage) | Remarks |
|---|---|---|---|---|
| | | | | Indicate Board/University Examination (Attach Marks Sheet) |
| | | | | Indicate Board/University Examination (Attach Marks Sheet) |

8. **Were you granted scholarship last year: Yes/No**
   **If Yes, Amount of Scholarship received (last year)** _______________ **Class**_______
9. **i) Annual income of Parents/Guardians in Rs.** _______________ **p.a.**
   **ii) Attach income certificate from the employer/ Payslip/other documents**
   **iii) Income verified by the Sarpanch or Member Panchayat/ Numberdar/Councillor**

**10. Signatures** **a) Student: ______________________________**

**b) Father/Guardian: ______________________**

**11. Name of the Bank __________________________ Place ______________________**

**Account Holder's Name ________________________________________________**

**Bank Account No. ________________________IFSC Code _____________________**

**12. Identify documents: - Aadhar Card/ Election Card / Ration Card/ Any Govt. issued ID.**

**Note: List of documents to be attached with application: -**

- **a. Self-attested photocopy of Marks Sheet.**
- **b. Self-attested any other educational document etc.**
- **c. No. of enclosures with the application.**

**13. Certificate of the Head of the Institution: -**

**Certified that the applicant is a regular student of class _________ in this School/ College and particulars as shown above are correct.**

**Place _______________** **Signature __________________**

**Dated ______________** **Name _____________________**

**Designation Stamp Seal**

**1. Certified that the above facts stated are correct & true to the best of my knowledge. Recommended by the Executive Committee Member/ Working Committee Member/ Any Office Bearer of the BMSL Foundation (Regd.), Sector 30A, Chandigarh.**

**Place _______________** **Signature ________________**

**Dated ______________** **(Name & Designation)**

**FOR OFFICE USE ONLY**

- i) Date of application received _____________________
- ii) Completion / correctness of the applicant By General Secretary ______________
- iii) No. of enclosures with the application _____________

**Recommended by__________** **Sanctioned/ Approved____________**

**Convener/ Member of the Education Committee** **President**



# MATRIMONIAL



**MATCH FORHANDSOME LABANA SIKH 1997/6 FT, B.TECH + MBA, WORKING IN MNC, PARENTS GOVT. RETIRED. CONTACT - 94665-04766**

* * * * *

**SEEKING MATCH FOR KESHDHARI SIKH GHOTRA LUBANA BOY 1997/5'10 BOY, QUALIFICATION BSC-IT, DIPLOMA IN NETWORK SECUTIRY, WORKING AS A DISTRIBUTION MANAGER, FAMILY- FATHER BUSINESSMAN, MOTHER HOUSE WIFE & ONE BROTHER SETTLED ABROAD. CONTACT - 92151-27051, 93503-06276**

* * * * *

**SEEKING MATCH FOR LUBANA SIKH 25.06.1994/5'11, B.A. LLB FAIR COMPLEXION HANDSOME BOY, REAL ESTATE & ADVOCATE, FAMILY – MOTHER RETD. DEPUTY DIRECTOR DEPT. OF TOURISM, FATHER – HARYANA SECRETARIAT, SISTER- MARRIED & SETTLED IN AUSTRALIA. OWN RESIDENCE IN SUNNY ENCLAVE (AGRICULTURE LAND & COMMERCIAL). GIRL SHOULD BE BEAUTIFUL AND EDUCATED. CONTACT – 98772-58505, 85568-84057**

* * * * *

**MATCH LUBANA SIKH 29 YRS, 6'1" BOY, EDUCATION M. TECH CSE (GOLD MEDALIST), NIIT JALANDHAR 2020, OCCUPATION -MANAGER AT MORGAN STANLEY, MUMBAI HANDSOME PACKAGE. FATHER EX IAF OFFICER, MOTHER HOUSEWIFE, SISTERS- MCM PUNE UNIVERSITY (MARRIED) AND MCA FROM PTU (MARRIED). CONTACT - 9876655811**

* * * * *

**LUBANA SIKH BOY DEC'92, 5.11FT BE (ECE), MBA (POWER MANAGEMENT) SR. MANAGER @ DELHI NCR. "REQUIRED B.E. / B TECH, M TECH MCA MBA M.SC. M.COM. QUALIFIED GIRL "NO DOWRY SIMPLE SOCIAL CEREMONIES" CASTE NO BAR. DIAL 9417145424, 9878373538.**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਅਕਤੂਬਰ ਮਹੀਨੇ ਦਾਨੀ ਸੱਜਣਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਡੀ.ਐਸ.ਪੀ ਮਹਿੰਦਰ ਸਿੰਘ (ਰਿਟਾ.)<br>ਸੀਨੀ. ਵਾਇਸ ਪ੍ਰਧਾਨ, ਮ. ਨੰ.305, ਗੋਲਡਨ ਐਵਨਿਊ, ਜਲੰਧਰ। | 706 | 1,00,000/- | 16.10.2025 |
| 2. | ਗੋਲਕ, ਗੁਰੂਘਰ ਬੀ.ਐਮ.ਐਸ.ਐਲ. ਭਵਨ<br>ਸੈਕਟਰ-30ਏ, ਚੰਡੀਗੜ੍ਹ। | 705 | 15,850/- | 15.10.2025 |
| 3. | ਇੰਜ. ਹਰਭਜਨ ਸਿੰਘ, ਸਾਬਕਾ ਪ੍ਰਧਾਨ<br>ਮ. ਨੰ. 576, ਮੋਤਾ ਸਿੰਘ ਨਗਰ, ਜਲੰਧਰ। | 636 | 5100/- | 07.10.2025 |
| 4. | ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ<br>ਮ. ਨੰ. 187, ਹਰਦਿਆਲ ਨਗਰ, ਜਲੰਧਰ। | 637 | 5000/- | 10.10.2025 |
| 5. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ.ਨੰ. 3405, ਸੈਕਟਰ-40ਡੀ, ਚੰਡੀਗੜ੍ਹ। | 642 | 5000/- | 12.10.2025 |
| 6. | ਸ. ਸੁਰਜੀਤ ਸਿੰਘ, ਵਿੱਤ ਸਕੱਤਰ<br>ਮ.ਨੰ.171, ਅਰਬਨ ਅਸਟੇਟ, ਕਪੂਰਥਲਾ। | 639 | 5100/- | 10.10.2025 |
| 7. | ਸ. ਮਨਜੀਤ ਸਿੰਘ | 640 | 5100/- | 10.10.2025 |
| 8. | ਸਮੂਹ ਸਾਧ ਸੰਗਤ ਗੁਰਦੁਆਰਾ<br>ਸੈਨਿਕ ਵਿਹਾਰ, ਅੰਬਾਲਾ। | 647 | 5100/- | 12.10.2025 |
| 9. | ਸੰਤ ਬਾਬਾ ਪ੍ਰੇਮ ਸਿੰਘ ਵੈਲਫੇਅਰ ਸੋਸਾਇਟੀ<br>ਮਕਸੂਦਾਂ, ਜਲੰਧਰ। | 660 | 5100/- | 12.10.2025 |
| 10. | ਸ. ਮਨਜੀਤ ਸਿੰਘ<br>ਮ. ਨੰ. 3401, ਸੈਕਟਰ-82, ਆਈ.ਟੀ. ਸਿਟੀ, ਅਲਫ਼ਾ, ਮੋਹਾਲੀ। | 702 | 5100/- | 12.10.2025 |
| 11. | ਡਾ. ਸ਼ਿਵਨੀਤ ਕੌਰ ਸੁਪਤਨੀ<br>ਸ. ਹਰਮਨਪ੍ਰੀਤ ਸਿੰਘ ਮੁਲਤਾਨੀ, ਜਨਰਲ ਸਕੱਤਰ, ਪੇਹੋਵਾ, ਹਰਿਆਣਾ। | 704 | 5100/- | 15.10.2025 |
| 12. | ਕਰਨਲ ਗੁਰਦੀਪ ਸਿੰਘ (ਰਿਟਾ.)<br>ਮ. ਨੰ. 62, ਸੈਕਟਰ-71, ਮੋਹਾਲੀ। | 638 | 5000/- | 10.10.2025 |
| 13. | ਡੀ.ਐਸ.ਪੀ. ਰਣਜੀਤ ਸਿੰਘ<br>ਤਹਿਸੀਲ ਟਾਂਡਾ, ਹੁਸ਼ਿਆਰਪੁਰ। | 703 | 5000/- | 12.10.2025 |
| 14. | ਇੰਜ. ਬਲਜੀਤ ਸਿੰਘ ਭਗਤਾਨਾ<br>ਮ. ਨੰ. 176, ਗੋਲਡਨ ਐਵਨਿਊ, ਫ਼ੇਸ-1, ਜਲੰਧਰ। | 691 | 5000/- | 12.10.2025 |

| | | | | |
|---|---|---|---|---|
| 15. | ਸ. ਸੁਖਵੰਤ ਸਿੰਘ | 662 | 2000/- | 12.10.2025 |
| | ਮ. ਨੰ. 296/11, ਜਸਵੰਤ ਨਗਰ, ਜਲੰਧਰ। | | | |
| 16. | ਸ. ਲਖਵਿੰਦਰ ਸਿੰਘ, ਇਬਰਾਹਿਮਵਾਲ, ਕਪੂਰਥਲਾ। | 665 | 2100/- | 12.10.2025 |
| 17. | ਆਰੇ ਵਾਲੇ (ਬਾਹਰੀ), ਕੁਰੂਕਸ਼ੇਤਰ, ਹਰਿਆਣਾ। | 686 | 2100/- | 12.10.2025 |
| 18. | ਚੇਅਰਮੈਨ ਰਨਜੀਤ ਸਿੰਘ | 694 | 2100/- | 12.10.2025 |
| 19. | ਸ. ਸੁਖਜਿੰਦਰ ਸਿੰਘ, ਪੇਹੋਵਾ, ਹਰਿਆਣਾ। | 685 | 2000/- | 12.10.2025 |
| 20. | ਸ. ਮਨੀ ਸਿੰਘ, ਜਲੰਧਰ | 698 | 2000/- | 12.10.2025 |
| 21. | ਸ. ਬਲਦੇਵ ਸਿੰਘ ਮੁੰਦਰ | 641 | 1100/- | 12.10.2025 |
| | ਮ. ਨੰ. 926, ਸੈਕਟਰ-3, ਰਨਜੀਤ ਐਵਨਿਊ, ਅੰਮ੍ਰਿਤਸਰ। | | | |
| 22. | ਸ. ਦਲੀਪ ਸਿੰਘ | 650 | 1100/- | 12.10.2025 |
| | ਮ. ਨੰ.129, ਨਜ਼ਦੀਕ ਮਿਲਾਪ ਨਗਰ, ਅੰਬਾਲਾ। | | | |
| 23. | ਕਰਨਲ ਹਰਜੀਤ ਸਿੰਘ | 651 | 1100/- | 12.10.2025 |
| | ਮ. ਨੰ. 2503, ਫ਼ੇਸ-11, ਮੋਹਾਲੀ। | | | |
| 24. | ਡੀ.ਐਸ.ਪੀ. ਸੁਖਦੇਵ ਸਿੰਘ | 652 | 1100/- | 12.10.2025 |
| | ਮ. ਨੰ. 296, ਸੈਕਟਰ-71, ਮੋਹਾਲੀ। | | | |
| 25. | ਇੰਜ. ਪਰਮਿੰਦਰਜੀਤ ਸਿੰਘ | 664 | 1100/- | 12.10.2025 |
| | ਮ. ਨੰ. 524, ਗਰੀਨ ਮਾਡਲ ਟਾਉਨ, ਜਲੰਧਰ। | | | |
| 26. | ਸ. ਬਿਕਰਮਜੀਤ ਸਿੰਘ | 680 | 1300/- | 12.10.2025 |
| | ਮ. ਨੰ. 19, ਗੋਲਡਨ ਕਲੋਨੀ, ਜਲੰਧਰ। | | | |
| 27. | ਡੀ.ਐਸ.ਪੀ. ਅਵਤਾਰ ਸਿੰਘ (ਰਿਟਾ.) | 666 | 1100/- | 12.10.2025 |
| | ਮ. ਨੰ.17, ਰਮਨੀਕ ਨਗਰ, ਮਾਡਲ ਟਾਉਨ, ਜਲੰਧਰ। | | | |
| 28. | ਸ. ਜੁਗਿੰਦਰ ਸਿੰਘ ਨੰਬਰਦਾਰ, ਸੋਲੋਂ, ਕਰਨਾਲ। | 696 | 1100/- | 12.10.2025 |
| 29. | ਸ. ਭਗਤ ਸਿੰਘ, ਆਈ.ਏ.ਐਸ. (ਰਿਟਾ.) | 687 | 1100/- | 12.10.2025 |
| | ਮ. ਨੰ. 795, 3ਬੀ1, ਮੋਹਾਲੀ। | | | |
| 30. | ਸ. ਦਰਸ਼ਨ ਸਿੰਘ | 693 | 1100/- | 12.10.2025 |
| | ਮ. ਨੰ. 1204, ਸੈਕਟਰ-22ਬੀ, ਚੰਡੀਗੜ੍ਹ। | | | |
| 31. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.) | 643 | 1000/- | 12.10.2025 |
| | ਮੈਂਟੀਨੈਂਸ ਸਕੱਤਰ, 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | | | |
| 32. | ਪੰਡਿਤ ਰਾਮ ਕੁਮਾਰ, ਬ.ਮ.ਸ.ਲ ਭਵਨ, ਚੰਡੀਗੜ੍ਹ। | 667 | 1000/- | 12.10.2025 |
| 33. | ਸ. ਰਘੂਵਿੰਦਰ ਸਿੰਘ | 674 | 1000/- | 12.10.2025 |
| | ਮੁਰਥਲੀ, ਕਾਂਤਾ ਫ਼ਾਰਮ, ਪੇਹੋਵਾ, ਹਰਿਆਣਾ। | | | |

| | | | | |
|---|---|---|---|---|
| 34. | ਸ. ਰਣਜੀਤ ਸਿੰਘ | 675 | 1000/- | 12.10.2025 |
| | ਮੁਰਥਲੀ, ਕਾਂਤਾ ਫ਼ਾਰਮ, ਪੇਹੋਵਾ, ਹਰਿਆਣਾ। | | | |
| 35. | ਸ. ਰਾਜਬੀਰ ਸਿੰਘ, ਪੇਹੋਵਾ, ਹਰਿਆਣਾ। | 678 | 1000/- | 12.10.2025 |
| 36. | ਘੋਤੜਾ ਰਿਯਲ ਅਸਟੇਟ | 684 | 1000/- | 12.10.2025 |
| | ਮ. ਨੰ. 244/1, ਸੈਕਟਰ-55, ਚੰਡੀਗੜ੍ਹ। | | | |
| 37. | ਸ. ਸੁਰਜੀਤ ਸਿੰਘ ਨੰਬਰਦਾਰ, ਭੋਲਥ, ਬੇਗੋਵਾਲ। | 695 | 1000/- | 12.10.2025 |
| 38. | ਸ. ਸੁਰਿੰਦਰ ਸਿੰਘ, ਅੰਬਾਲਾ | 699 | 1000/- | 12.10.2025 |
| 39. | ਇੰਜ ਹਰਦੇਵ ਸਿੰਘ, ਮ. ਨੰ. 1747, ਫ਼ੇਸ-7, ਮੋਹਾਲੀ। | 644 | 500/- | 12.10.2025 |
| 40. | ਸ. ਸੁਖਵਿੰਦਰ ਸਿੰਘ | 645 | 500/- | 12.10.2025 |
| | ਮ. ਨੰ. 55, ਪਿੰਡ ਬਹਿਲਾਨਾ, ਚੰਡੀਗੜ੍ਹ। | | | |
| 41. | ਸ. ਪਰਮਜੀਤ ਸਿੰਘ | 646 | 500/- | 12.10.2025 |
| | ਮ. ਨੰ. 361, ਏਕਤਾ ਕੰਪਲੈਕਸ, ਪਿੰਡ ਬਹਿਲਾਨਾ, ਚੰਡੀਗੜ੍ਹ। | | | |
| 42. | ਡਾ. ਡੀ.ਪੀ. ਲੋਚਨ | 649 | 500/- | 12.10.2025 |
| | ਮ. ਨੰ. 3670, ਸੈਕਟਰ 46ਸੀ, ਚੰਡੀਗੜ੍ਹ। | | | |
| 43. | ਸ. ਦਰਬਾਰਾ ਸਿੰਘ | 653 | 500/- | 12.10.2025 |
| | ਮ. ਨੰ. 130, ਸੈਕਟਰ-46ਏ, ਚੰਡੀਗੜ੍ਹ। | | | |
| 44. | ਸ. ਗੁਰਪ੍ਰੀਤ ਸਿੰਘ, ਸ. ਤਜਿੰਦਰ ਸਿੰਘ | 654 | 500/- | 12.10.2025 |
| | ਨਰੈਣਗੜ੍ਹ, ਅੰਬਾਲਾ। | | | |
| 45. | ਸ. ਸੁਰਿੰਦਰ ਸਿੰਘ ਰੂਬੀ | 655 | 500/- | 12.10.2025 |
| | ਐਚ.ਆਈ.ਜੀ.16, ਗੁਰੂ ਗੋਬਿੰਦ ਸਿੰਘ ਐਵਨਿਊ, ਜਲੰਧਰ। | | | |
| 46. | ਸ. ਜਗਬੀਰ ਸਿੰਘ | 657 | 500/- | 12.10.2025 |
| | ਮ. ਨੰ. 183, ਸੈਕਟਰ-125, ਵੈਸਟਰਨ ਹੋਮਜ਼, ਖਰੜ੍ਹ। | | | |
| 47. | ਕਰਨਲ ਜੇ. ਐਸ. ਮੁਲਤਾਨੀ | 659 | 500/- | 12.10.2025 |
| | ਮ. ਨੰ. 114, ਸੈਕਟਰ-33ਏ, ਚੰਡੀਗੜ੍ਹ। | | | |
| 48. | ਸ. ਸੁਰਜੀਤ ਸਿੰਘ | 661 | 500/- | 12.10.2025 |
| | ਪਿੰਡ ਜੁਰਾਸੀ ਕਲਾਂ, ਪੇਹੋਵਾ, ਹਰਿਆਣਾ। | | | |
| 49. | ਸ. ਬਲਵਿੰਦਰ ਸਿੰਘ, ਮ. ਨੰ. 122, ਸੀਬੀ2, ਜਲੰਧਰ। | 663 | 500/- | 12.10.2025 |
| 50. | ਸ. ਜਗੀਰ ਸਿੰਘ | 668 | 500/- | 12.10.2025 |
| | ਮ. ਨੰ. 2258, ਸੈਕਟਰ-45ਸੀ, ਚੰਡੀਗੜ੍ਹ। | | | |
| 51. | ਸ. ਗੁਰਮੀਤ ਸਿੰਘ ਸਪੁੱਤਰ ਸ. ਬਲਬੀਰ ਸਿੰਘ | 669 | 500/- | 12.10.2025 |
| | ਜਲੰਧਰ। (ਇਟਲੀ) | | | |

| | | | | |
|---|---|---|---|---|
| 52. | ਸ. ਗੁਰਬਚਨ ਸਿੰਘ, ਪੇਹੋਵਾ, ਹਰਿਆਣਾ। | 670 | 500/- | 12.10.2025 |
| 53. | ਐਡਵੋਕੇਟ ਜਸਵੀਰ ਸਿੰਘ, ਪੇਹੋਵਾ, ਹਰਿਆਣਾ। | 671 | 500/- | 12.10.2025 |
| 54. | ਸ. ਸੁਜਾਨ ਸਿੰਘ, ਪੇਹੋਵਾ, ਹਰਿਆਣਾ। | 672 | 500/- | 12.10.2025 |
| 55. | ਸ. ਕਸ਼ਮੀਰ ਸਿੰਘ ਸਪੁੱਤਰ ਸ. ਗੁਰਨਾਮ ਸਿੰਘ<br>ਪਿੰਡ ਜੁਰਾਸੀ ਕਲਾਂ, ਪੇਹੋਵਾ, ਹਰਿਆਣਾ। | 673 | 500/- | 12.10.2025 |
| 56. | ਸ. ਸੁਜਾਨ ਸਿੰਘ<br>ਪਿੰਡ ਡਾਖ਼ਲੀ ਖੁਰਦ, ਪੇਹੋਵਾ, ਹਰਿਆਣਾ। | 676 | 500/- | 12.10.2025 |
| 57. | ਸ. ਸੁਖਵਿੰਦਰ ਸਿੰਘ, ਪੇਹੋਵਾ, ਹਰਿਆਣਾ। | 677 | 500/- | 12.10.2025 |
| 58. | ਕਮਾਂਡਰ ਕੁਲਦੀਪ ਸਿੰਘ<br>ਸੈਕਟਰ-66ਬੀ, ਮੋਹਾਲੀ। | 679 | 500/- | 12.10.2025 |
| 59. | ਸ. ਬਲਵਿੰਦਰ ਸਿੰਘ, ਜਲੰਧਰ | 681 | 500/- | 12.10.2025 |
| 60. | ਸ਼੍ਰੀਮਤੀ ਗੁਰਚਰਨ ਕੌਰ<br>ਸੈਕਟਰ-85, ਮੋਹਾਲੀ। | 682 | 500/- | 12.10.2025 |
| 61. | ਕਰਨਲ ਹਰਦੀਪ ਸਿੰਘ<br>ਰਾਇਲ ਅਸਟੇਟ, ਜ਼ੀਰਕਪੁਰ। | 683 | 500/- | 12.10.2025 |
| 62. | ਸ. ਜਤਿੰਦਰ ਪਾਲ ਸਿੰਘ, ਅੰਬਾਲਾ | 689 | 501/- | 12.10.2025 |
| 63. | ਸ. ਅਮਰੀਕ ਸਿੰਘ<br>ਨਰੈਣਗੜ੍ਹ, ਸੈਨ-ਮਾਜਰਾ। | 692 | 500/- | 12.10.2025 |
| 64. | ਇੰਸਪੈਕਟਰ. ਸੁਖਵਿੰਦਰ ਸਿੰਘ, ਜਲੰਧਰ | 697 | 500/- | 12.10.2025 |
| 65. | ਸ. ਗੁਰਮੀਤ ਸਿੰਘ<br>ਮ. ਨੰ. 34, ਪੰਜਾਬ ਐਵਨਿਊ, ਜਲੰਧਰ। | 700 | 500/- | 12.10.2025 |
| 66. | ਸ. ਸੁਰਜੀਤ ਸਿੰਘ<br>ਮ. ਨੰ. 86, ਸਿਲਵਰ ਐਨਕਲੇਵ, ਜਲੰਧਰ। | 701 | 500/- | 12.10.2025 |
| 67. | ਕਰਨਲ ਗੁਰਦੀਪ ਸਿੰਘ (ਰਿਟਾ.)<br>ਮ. ਨੰ. 62, ਸੈਕਟਰ-71, ਮੋਹਾਲੀ। | 709 | 500/- | 17.10.2025 |
| 68. | ਗੁਪਤਦਾਨ<br>ਮ. ਨੰ. 2092, ਸੈਕਟਰ-45ਸੀ, ਚੰਡੀਗੜ੍ਹ। | 635 | 351/- | 21.09.2025 |
| 69. | ਸ. ਰਵਿੰਦਰ ਸਿੰਘ, ਸਕੱਤਰ<br>ਮ. ਨੰ. 2092, ਸੈਕਟਰ-45ਸੀ, ਚੰਡੀਗੜ੍ਹ। | 658 | 200/- | 12.10.2025 |
| 70. | ਸ. ਰਵਿੰਦਰ ਸਿੰਘ, ਸਕੱਤਰ<br>ਮ. ਨੰ. 2092, ਸੈਕਟਰ-45ਸੀ, ਚੰਡੀਗੜ੍ਹ। | 707 | 200/- | 17.10.2025 |

| | | | | |
|---|---|---|---|---|
| 71. | ਸ. ਜਗੀਰ ਸਿੰਘ | 708 | 200/- | 17.10.2025 |
| | ਮ. ਨੰ. 2258/2, ਸੈਕਟਰ-45ਸੀ, ਚੰਡੀਗੜ੍ਹ। | | | |
| 72. | ਸ. ਦਰਬਾਰਾ ਸਿੰਘ | 710 | 200/- | 17.10.2025 |
| | ਮ. ਨੰ. 130, ਸੈਕਟਰ-46ਏ, ਚੰਡੀਗੜ੍ਹ। | | | |
| 73. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.) | 711 | 200/- | 17.10.2025 |
| | ਸੀਨੀ. ਵਾਇਸ ਪ੍ਰਧਾਨ (ਹੈ. ਕੁ.), ਮ. ਨੰ. 3405, ਸੈਕਟਰ-40ਡੀ, ਚੰਡੀਗੜ੍ਹ। | | | |
| 74. | ਸ਼੍ਰੀਮਤੀ ਨਰਿੰਦਰ ਕੌਰ | 712 | 200/- | 17.10.2025 |
| | ਮ. ਨੰ. 326/2, ਸੈਕਟਰ-38ਏ, ਚੰਡੀਗੜ੍ਹ। | | | |
| 75. | ਸ. ਚਰਨਜੀਤ ਸਿੰਘ | 713 | 200/- | 17.10.2025 |
| | ਐਲ.ਐਲ. 600, ਫ਼ੇਸ-9, ਮੋਹਾਲੀ। | | | |
| 76. | ਮਾਤਾ ਧਰਮ ਕੌਰ | 656 | 100/- | 12.10.2025 |
| | ਮ. ਨੰ. 100, ਗਰੀਨ ਪਾਰਕ ਕਲੋਨੀ, ਜ਼ੀਰਕਪੁਰ। | | | |
| 77. | ਸ. ਬਲਜਿੰਦਰ ਸਿੰਘ, ਬਰਾੜ੍ਹਾ | 688 | 100/- | 12.10.2025 |
| 78. | ਸ਼੍ਰੀਮਤੀ ਹਰਸ਼ੀਨ ਕੌਰ, ਚੰਡੀਗੜ੍ਹ | 690 | 100/- | 12.10.2025 |
| 79. | ਸ. ਤਰਸੇਮ ਸਿੰਘ | 648 | 100/- | 12.10.2025 |

● ● ●

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

***Facilities Available for All Types of Functions at reasonable rates***

| | |
|---|---|
| *Double Bed A.C Rooms* | *Dormitory A.C Rooms*<br>*Four Single Bed* |
| *Main Hall, A.C*<br>*Capacity 400 Persons* | *Mini Hall, A.C*<br>*Capacity 150-200 Persons* |
| *Main Auditorium, A.C*<br>*Capacity 450 Persons* | *Mini Auditorium, A.C*<br>*Capacity 150 Persons* |
| *Basement Hall*<br>*350-400 Persons* | *Conference Hall, A.C*<br>*Capacity 25 Persons* |

**24x7 Catering Service Available**

For Booking Contact :-
98768-11137, 73470-65188

# ਬਮਸ਼ਲ ਫਾਉਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਭਵਨ ਵਿਖੇ ਮਨਾਏ ਗਏ ਗੁਰੂ ਲਾਧੋ ਰੇ ਦਿਵਸ ਦੀਆਂ ਯਾਦਗਾਰੀ ਤਸਵੀਰਾਂ







